Vide R.N.I. No. Pun-Pun 2002/8323

ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 20/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 129

D.O.P. 10 July 2019




ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਜਵਾਂ ਭਾਗ. ਧੰਨ ਧੰਨ ਬੇਬੇ ਨਾਨਕੀ ਜੀ

ਅੰਦਰ ਪੜ੍ਹੋ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ ਲਹਿਰ ਨੂੰ ਸਮਰਪਿਤ

## ਮਹਾਨ ਗੁਰਮਤਿ ਜਪ-ਤਪ ਸਮਾਗਮ, ਤੇਜ ਨਗਰ ਚੌਂਕ, ਸ੍ਰੀ ਅੰਮ੍ਰਿਤਸਰ

ਗੁਰੂ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਭਾਈ ਗੁਰਦੀਪ ਸਿੰਘ ਜੀ ਡੇਅਰੀ ਵਾਲਿਆਂ ਦੇ ਸਮੂੰਹ ਪਰਿਵਾਰ ਵੱਲੋਂ ਮਹਾਨ ਗੁਰਮਤਿ ਜਪ–ਤਪ ਸਮਾਗਮ, ਤੇਜ ਨਗਰ ਚੋਂਕ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਦੌਰਾਨ ਸਮੂੰਹ ਸੰਗਤਾਂ ਨੇ ਸ੍ਰੀ ਜਪੁ ਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਸ਼ਬਦ ਹਜ਼ਾਰੇ ਦੇ ਪਾਠਾਂ ਦੀਆਂ ਹਾਜਰੀਆਂ ਭਰੀਆਂ ਉਪਰੰਤ ਬੀਬੀ ਕੌਲਾਂ ਜੀ ਬਾਲ ਫੁਲਵਾੜੀ ਦੇ ਛੋਟੇ–ਛੋਟੇ ਬੱਚਿਆਂ ਨੇ ਗੁਰਬਾਣੀ ਅਤੇ ਇਤਿਹਾਸ ਕੰਠ ਕਰਕੇ ਸੰਗਤਾਂ ਨੂੰ ਸਰਵਨ ਕਰਵਾਇਆ ਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਭਾਈ ਤੇਜਪਾਲ ਸਿੰਘ ਜੀ, ਭਾਈ ਸੁਖਵਿੰਦਰ ਸਿੰਘ ਜੀ (ਗੋਗਾ), ਭਾਈ ਅੰਮ੍ਰਿਤਪਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ।

1


2


3



4


5


6


7


8


1–2. ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਹਾਜ਼ਰੀ ਭਰਦੀਆਂ ਹੋਈਆਂ ਸੰਗਤਾਂ ਤੇ ਕੀਰਤਨੀ ਜੱਥਾ, 3. ਬੀਬੀ ਕੌਲਾਂ ਜੀ ਬਾਲ ਫੁਲਵਾੜੀ ਦੇ ਬੱਚੇ–ਬੱਚੀਆਂ ਸਿੱਖ ਇਤਿਹਾਸ ਤੇ ਗੁਰਬਾਣੀ ਸੰਗਤਾਂ ਨੂੰ ਸਰਵਨ ਕਰਾਉਂਦੇ ਹੋਏ। ਇਨ੍ਹਾਂ ਬੱਚਿਆਂ ਨੂੰ ਗੁਰਬਾਣੀ ਤੇ ਇਤਿਹਾਸ ਦੀ ਸਿਖਲਾਈ ਵਿਚ ਸੇਵਾ ਨਿਭਾਅ ਰਹੀਆਂ ਬੀਬੀ ਗੁਰਪ੍ਰੀਤ ਕੌਰ ਤੇ ਬੱਚੀ ਸਹਿਜਪ੍ਰੀਤ ਕੌਰ ਤੇ ਹੋਰ, 4. ਭਾਈ ਸੋਭਾਪ੍ਰੀਤ ਸਿੰਘ ਤੇ ਸਾਥੀ ਕਵਿਤਾ ਸਰਵਨ ਕਰਾਉਂਦੇ ਹੋਏ, 5. ਬੀਬੀ ਕੌਲਾਂ ਜੀ ਬਾਲ ਫੁਲਵਾੜੀ ਦੇ ਬੱਚਿਆਂ ਨੂੰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਅੰਮ੍ਰਿਤਪਾਲ ਸਿੰਘ ਜੀ ਅਤੇ ਗੋਗਾ ਵੀਰ ਜੀ ਸਨਮਾਨਿਤ ਕਰਦੇ ਹੋਏ, 6–7. ਭਾਈ ਸੁਖਵਿੰਦਰ ਸਿੰਘ ਜੀ (ਗੋਗਾ) ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀਆ ਹਾਜ਼ਰੀਆਂ ਭਰਦੇ ਹੋਏ, 8. ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-129ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਪੰਜਵਾਂ ਭਾਗ- ਧੰਨ ਧੰਨ ਬੇਬੇ ਨਾਨਕੀ ਜੀ 5
ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ 17
ਜ਼ਿੰਦਗੀ ਦੀਆਂ ਬਰੀਕੀਆਂ 19
ਘਰ ਬੈਠੇ ਕੀਰਤਨ ਸਿੱਖੋ 23
ਅਧਿਆਤਮਿਕ ਵਿਚਾਰਾਂ 24
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 25
ਜੀਵਨ ਸੇਧਾਂ - ਅਨਮੋਲ ਯਾਦਾਂ 28
ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ 30
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 34
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 35
ਪਰਖ ਤੇ ਪ੍ਰਪੱਕਤਾ 36
ਅਨਮੋਲ ਬਚਨ 37
ज़िंदगी की बारीकियाँ 38
धन्य धन्य श्री गुरु अमरदास जी 42
साहिब श्री गुरु अर्जुन देव जी की
महान शहीदी का महान इतिहास 49
The True Guru Has Sent 53
Last Tale of Braham Giyani Baba Bidhi
Chand's Journey to Heavenly Abode 62

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ, ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.) ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ, ਫੋਨ : 0183-2483920 (Ext. 27)

**ਚੰਦਾ**

| | |
|---|---|
| ਸਲਾਨਾ ਚੰਦਾ (ਦੇਸ਼) | 100 ਰੁ. |
| ਸਲਾਨਾ ਚੰਦਾ (ਵਿਦੇਸ਼) | 800 ਰੁ. |
| 2 ਸਾਲ ਲਈ (ਦੇਸ਼) | 200 ਰੁ. |
| 2 ਸਾਲ ਲਈ (ਵਿਦੇਸ਼) | 1600 ਰੁ. |
| 5 ਸਾਲ ਲਈ (ਦੇਸ਼) | 400 ਰੁ. |
| 5 ਸਾਲ ਲਈ (ਵਿਦੇਸ਼) | 3200 ਰੁ. |
| ਲਾਈਫ ਮੈਂਬਰਸ਼ਿਪ (ਦੇਸ਼) | 1600 ਰੁ. |
| ਲਾਈਫ ਮੈਂਬਰਸ਼ਿਪ (ਵਿਦੇਸ਼) | 12800 ਰੁ. |

**ਨੋਟ**

ਸਿਫਤਿ ਸਾਲਾਹ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਹਨਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਸੰਪਾਦਕ

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ-
ਸਿਫਤਿ ਸਾਲਾਹ
ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006
ਫੋਨ : 98765-25850

# ਸੰਪਾਦਕੀ...

**ਗੁਰੂ ਕੀ ਪਿਆਰੀ ਸਾਧ ਸੰਗਤ ਜੀ,**

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਇਸ ਧਰਤੀ 'ਤੇ ਪ੍ਰਕਾਸ਼ ਧਾਰਿਆ ਤੇ ਆਪਣੇ ਨਾਲ ਨਿਮਰਤਾ ਤੇ ਗਰੀਬੀ ਨੂੰ ਵੀ ਦਰਗਾਹ ਵਿੱਚੋਂ ਲਿਆ ਕੇ ਆਪਣੇ ਸਿੱਖਾਂ ਦੀ ਝੋਲੀ ਪਾਇਆ।

*ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥ (ਵਾਰ : ੧, ਪਉੜੀ ੨੪)*

ਸਿੱਖੀ ਦੀ ਨੀਂਹ ਹੈ, ਨਿਮਰਤਾ ਤੇ ਹਿਰਦੇ ਦੀ ਗਰੀਬੀ। ਗੁਰੂ ਦਾ ਸਿੱਖ ਬਾਣੀ ਦੇ ਪਹਿਰੇ ਵੀ ਲਗਾਵੇ, ਸਿਮਰਨ ਵਿੱਚ ਵੀ ਬੈਠੇ, ਸੇਵਾ ਵੀ ਡੱਟ ਕੇ ਕਰੇ, ਪਰਉਪਕਾਰ ਦੇ ਕਾਰਜ ਵੀ ਕਰੇ ਪਰ ਜੇ ਉਸ ਦੇ ਅੰਦਰ ਨਿਮਰਤਾ ਤੇ ਹਿਰਦੇ ਦੀ ਗਰੀਬੀ ਨਹੀਂ ਆਈ ਤੇ ਜਿੰਨੀ ਕਮਾਈ ਕੀਤੀ ਹੈ, ਨਾਲ ਹੀ ਡੁੱਲ੍ਹ ਜਾਵੇਗੀ। ਮਰਦ ਉਹ ਜਿਹੜਾ ਕਮਾਈ ਕਰੇ ਵੀ ਤੇ ਸੰਭਾਲੇ ਵੀ। ਬਾਬਾ ਨੰਦ ਸਿੰਘ ਜੀ ਬਚਨ ਕਰਿਆ ਕਰਦੇ ਸਨ, ਨਿਮਰਤਾ ਰੱਖਣ ਨਾਲ ਕਈ ਬਿਪਤਾਵਾਂ ਸਹਿਜ ਸੁਭਾਅ ਹੀ ਟਲ ਜਾਂਦੀਆਂ ਹਨ। ਔਖਾ ਵੇਲਾ ਸਹਿਜੇ ਨਿਕਲ ਜਾਂਦਾ ਹੈ। ਸਿੱਖ ਨੇ ਹਰ ਕਿਸੇ ਦੀ ਚਰਨ ਧੂੜ ਬਣ ਕੇ ਰਹਿਣਾ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵੀ ਸਾਨੂੰ ਇਹੀ ਤਾਕੀਦ ਕਰਦੇ ਹਨ :

*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਅੰਗ ੧੧੦੨)*

ਕਿੰਨਾ ਜ਼ਰੂਰੀ ਵਿਸ਼ਾ ਹੈ। ਨਿਮਰਤਾ ਤੇ ਹਿਰਦੇ ਦੀ ਗਰੀਬੀ ਨੂੰ ਸਮਾਜਿਕ ਲੈਵਲ ਤੇ, ਧਾਰਮਿਕ ਲੈਵਲ ਤੇ, ਘਰੇਲੂ ਲੈਵਲ ਤੇ, ਵਪਾਰਕ ਲੈਵਲ ਤੇ ਭਾਵ ਕਿ ਹਰ ਪੱਖ ਤੋਂ ਇਸ ਨੂੰ ਸੰਭਾਲਣ ਦੀ ਲੋੜ ਹੈ। ਨਿਮਰਤਾ ਸਿੱਖ ਦਾ ਗਹਿਣਾ ਹੈ ਤੇ ਹਿਰਦੇ ਦੀ ਗਰੀਬੀ ਇਸ ਦਾ ਸ਼ਿੰਗਾਰ। ਆਪਣੇ ਘਰ ਇੱਕ ਨੌਕਰ ਨਾਲ ਵੀ ਨਿਮਰਤਾ ਨਾਲ ਗੱਲ ਕਰਨੀ ਹੈ। ਨਹੀਂ ਤਾਂ ਆਮ ਦੇਖੋ, ਆਪਣੇ ਤੋਂ ਵੱਡੇ ਨਾਲ ਤਾਂ ਬੰਦਾ ਕਈ ਵਾਰ ਨਿਮਰਤਾ ਨਾਲ ਗੱਲ ਕਰਦਾ ਹੈ ਪਰ ਆਪਣੇ ਤੋਂ ਹੇਠਲੇ ਨਾਲ ਉਸ ਦਾ ਵਰਤਾਓ ਬਦਲ ਜਾਂਦਾ ਹੈ। ਹਰ ਕਦਮ-ਕਦਮ ਤੇ ਸਿੱਖੀ ਨੂੰ ਸੰਭਾਲਣਾ ਹੈ। ਤੁਹਾਡੇ ਨਾਲ ਤੁਹਾਡੇ ਪਰਿਵਾਰ ਵਿੱਚੋਂ ਹੀ ਕੋਈ ਕਿਸੇ ਕਾਰਨ ਗਰਮ ਹੋ ਗਿਆ ਹੈ ਤੇ ਸਿੱਖੀ ਕੀ ਹੈ? ਜਿਹੜਾ ਤੁਹਾਡੇ ਨਾਲ ਗਰਮ ਹੋ ਗਿਆ ਹੈ, ਉਸ ਸਮੇਂ ਤੁਸੀਂ ਚੁੱਪ ਕਰ ਜਾਓ ਤੇ ਥੋੜ੍ਹੇ ਸਮੇਂ ਬਾਅਦ ਉਸ ਨੂੰ ਪਿਆਰ ਨਾਲ ਸਮਝਾਓ। ਸਿੱਖ ਨੇ ਕ੍ਰੋਧ ਨਾਲ ਕੰਧਾਂ ਖੜ੍ਹੀਆਂ ਨਹੀਂ ਕਰਨੀਆਂ ਸਗੋਂ ਨਿਮਰਤਾ ਤੇ ਹਿਰਦੇ ਦੀ ਗਰੀਬੀ ਦੇ ਬਾਣ ਨਾਲ ਇਨ੍ਹਾਂ ਕੰਧਾਂ ਨੂੰ ਡੇਗਣਾ ਹੈ। ਜਦੋਂ ਸਿੱਖ ਇਸ ਤਰ੍ਹਾਂ ਸਮਾਂ ਸੰਭਾਲਦਾ ਹੈ ਤੇ ਗੁਰੂ ਨਾਨਕ ਮਹਾਰਾਜ ਦੀਆਂ ਇਲਾਹੀ ਖੁਸ਼ੀਆਂ ਦਾ ਉਹ ਪਾਤਰ ਬਣ ਜਾਂਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਏਸੇ ਕਰਕੇ ਕਿਹਾ ਹੈ :

*ਹਉ ਤਿਸ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ॥ (ਵਾਰ : ੧੨, ਪਉੜੀ ੪)*

ਧਾਰਮਿਕ ਲੈਵਲ ਤੇ ਇਹ ਅੱਜ ਦੇ ਸਮੇਂ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਸੰਗਤ ਵਿੱਚ ਆ ਕੇ, ਗੁਰਦੁਆਰਾ ਸਾਹਿਬ ਆ ਕੇ ਸੰਗਤ ਦੇ ਚਰਨਾਂ ਦੀ ਧੂੜ ਬਣ ਕੇ ਹੀ ਰਹਿਣਾ ਹੈ। ਸੇਵਾ ਵੀ ਕਰਨੀ ਹੈ ਤੇ ਸਹਿਜ ਨਾਲ, ਨਿਮਰਤਾ ਧਾਰਨ ਕਰਦਿਆਂ ਸਿੱਖੀ ਨਿਭਾਉਣੀ ਹੈ। ਅੰਦਰੋਂ ਸ਼ੁਕਰਾਨੇ ਵਿੱਚ ਰਹਿਣਾ ਹੈ ਕਿ ਗੁਰੂ ਸਾਹਿਬ ਮੇਰੇ ਤੋਂ ਇਹ ਸੇਵਾ ਲੈ ਰਹੇ ਹਨ। ਜੇ ਕਿਤੇ ਕਿਸੇ ਗੁਰਦੁਆਰਾ ਸਾਹਿਬ ਦੀ ਕਮੇਟੀ ਵਿੱਚ ਕੋਈ ਅਹੁਦਾ ਮਿਲਿਆ ਹੈ ਤਾਂ ਗੁਰੂ ਦੀ ਡਿਊਟੀ ਸਮਝ ਕੇ ਨਿਮਰਤਾ ਨਾਲ ਨਿਭਾਉਣੀ ਹੈ ਤਾਂ ਕਿ ਤੁਹਾਡਾ ਜੀਵਨ ਦੇਖ ਕੇ ਕਿਸੇ ਦੂਜੇ ਦੇ ਮੁੱਖ ਤੋਂ ਗੁਰੂ ਸਾਹਿਬ ਦੀ ਸਿਫਤ ਨਿਕਲੇ। ਗੱਲ ਕੀ, ਹਰ ਪੱਖ ਤੋਂ ਗੁਰੂ ਦਾ ਸਿੱਖ ਨਿਮਰਤਾ ਤੇ ਹਿਰਦੇ ਦੀ ਗਰੀਬੀ ਦੇ ਦਾਇਰੇ ਵਿੱਚ ਰਹੇ। ਧੰਨ ਗੁਰੂ ਨਾਨਕ ਮਹਾਰਾਜ ਜੀ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਤੇ ਗੁਰੂ ਨਾਨਕ ਮਹਾਰਾਜ ਦੀ ਬਾਣੀ ਪੜ੍ਹੀਏ ਤੇ ਗੁਰੂ ਨਾਨਕ ਮਹਾਰਾਜ ਨੇ ਕਿਤੇ ਆਪਣੇ ਆਪ ਨੂੰ ਨੀਚ ਕਿਹਾ ਹੈ, ਕਿਤੇ ਬੇਤਾਲਾ ਕਿਹਾ ਹੈ, ਕਿਤੇ ਮੂਰਖ ਆਖਿਆ ਹੈ। ਗੁਰੂ ਨਾਨਕ ਮਹਾਰਾਜ ਸ੍ਰਿਸ਼ਟੀ ਦੇ ਮਾਲਕ ਹਨ, ਆਪ ਨਿਰੰਕਾਰ ਹਨ ਪਰ ਕਿਤੇ ਵੀ ਆਪਣੇ ਆਪ ਨੂੰ ਜਣਾਇਆ ਨਹੀਂ। ਨਿਮਰਤਾ ਤੇ ਹਿਰਦੇ ਦੀ ਗਰੀਬੀ ਵਿੱਚ ਹੀ ਰਹਿਣ ਦਾ ਹੁਕਮ ਕੀਤਾ ਹੈ ਤੇ ਪ੍ਰੇਰਨਾ ਵੀ ਦਿੱਤੀ ਹੈ। ਗੁਰੂ ਦਾ ਸਿੱਖ ਆਪਣੇ ਮਨ ਨੂੰ ਇੰਨਾ ਘੜ ਲਵੇ ਕਿ ਨਿਮਰਤਾ ਉਸ ਦੇ ਅੰਦਰ ਡੁੱਲ੍ਹ-ਡੁੱਲ੍ਹ ਪੈਂਦੀ ਹੋਵੇ। ਇਹ ਸ਼ਤਾਬਦੀ ਮਨਾਉਂਦਿਆਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਇਹ ਅਰਦਾਸ ਕਰੀਏ ਕਿ ਇਹ ਸਭ ਤੋਂ ਜ਼ਰੂਰੀ ਗੁਣ ਜਿਸ ਉੱਤੇ ਸਿੱਖੀ ਟਿਕੀ ਹੈ, ਇਹ ਮੇਰੇ ਅੰਦਰ ਵੀ ਆ ਜਾਵੇ ਤੇ ਮੇਰਾ ਲੋਕ ਪਰਲੋਕ ਸੁਹੇਲਾ ਹੋ ਜਾਵੇ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੀ ਪਹਿਲੀ ਬੀਬੀ ਜੀ ਕੌਣ ਸਨ?

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਜਵਾਂ ਭਾਗ- ਧੰਨ ਧੰਨ ਬੇਬੇ ਨਾਨਕੀ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ— "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪੰਜਵਾਂ ਭਾਗ- ਧੰਨ ਧੰਨ ਬੇਬੇ ਨਾਨਕੀ ਜੀ, ਜੋ ਕਿ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੇ ਪਹਿਲੀ ਬੀਬੀ ਹੋਏ ਹਨ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥*
*(ਅੰਗ ੧੪੨੯)*

ਅਰਦਾਸ ਕਰੋ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਤਿਸੰਗਤ ਕਰਨ ਵਾਲੀ ਸੰਗਤ ਤੇ ਇਹੋ ਜਿਹੀ ਕਿਰਪਾ ਹੋਵੇ ਕਿ ਸਾਡੇ ਸਰੀਰ ਦੇ ਹਰ ਅੰਗ ਵਿੱਚੋਂ ਨਾਮ ਹੀ ਨਾਮ ਦੀ ਖੁਸ਼ਬੂ ਆਵੇ। ਰਸਨਾ ਤੇ ਵੀ ਨਾਮ, ਹਿਰਦੇ ਵਿੱਚ ਵੀ ਨਾਮ, ਨੇਤਰਾਂ ਵਿੱਚ ਵੀ ਨਾਮ, ਕੰਨਾਂ ਵਿੱਚ ਵੀ ਨਾਮ, ਰੋਮ-ਰੋਮ ਵਿੱਚ ਵੀ ਨਾਮ। ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਿਰਪਾ ਕਰਿਓ :

*ਨਾਨਕ ਨਾਮੁ ਮਿਲੈ ਤਾਂ ਜੀਵਾਂ*
*ਤਨੁ ਮਨੁ ਥੀਵੈ ਹਰਿਆ ॥੧॥*

ਦਸ ਕੁ ਮਿੰਟ ਬੇਨਤੀਆਂ ਕੀਤੀਆਂ ਹਨ, ਗਰੀਬ ਨਿਵਾਜ ਕਿਰਪਾ ਕਰਨ। ਇਹੋ ਜਿਹੀ ਅਵਸਥਾ ਬਣਾ ਦੇਣ, ਹਰ ਕੰਮ ਕਰਨ ਤੋਂ ਪਹਿਲਾਂ ਦੋ ਸਕਿੰਟ ਲਈ ਭਾਵੇਂ ਸੁਚੇਤ ਹੋ ਜਾਇਆ ਕਰੋ। ਦਾਸ ਕਈ ਵਾਰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਪੜ੍ਹਦਾ ਸੀ ਤੇ ਸੋਚੀ ਪੈ ਜਾਂਦਾ ਸੀ ਕਿਉਂਕਿ ਮਹਾਰਾਜ

ਜੀ ਨੇ ਲਿਖਿਆ ਹੈ:

*ਏਕ ਚਿੱਤ ਜਿਹ ਇਕ ਛਿਨ ਧਿਆਇਓ ॥*
*ਕਾਲ ਫਾਸ ਕੇ ਬੀਚ ਨ ਆਇਓ ॥*
*(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤਿ)*

ਇੱਕ ਛਿਨ ਮਾਤਰ ਵੀ ਜਿਸ ਨੇ ਵਾਹਿਗੁਰੂ ਕਿਹਾ ਹੈ, ਉਹ ਕਾਲ ਫਾਸ ਵਿੱਚ ਨਹੀਂ ਆਉਂਦਾ, ਮੌਤ ਤੋਂ ਰਹਿਤ ਹੋ ਜਾਂਦਾ ਹੈ ਤੇ ਦਾਸ ਸੋਚਦਾ ਸੀ ਕਿ ਇੱਕ ਛਿਨ ਵਾਹਿਗੁਰੂ ਕਹਿ ਦਿੱਤਾ ਹੈ ਤੇ ਬੰਦਾ ਮੌਤ ਤੋਂ ਰਹਿਤ ਹੋ ਜਾਂਦਾ ਹੈ। ਇਹ ਫਿਰ ਹੁਣ ਸਮਝ ਆਈ ਹੈ, ਇੱਕ ਚਿੱਤ, ਇੱਕ ਛਿਨ ਕੀ ਹੈ? ਤੁਸੀਂ ਕੋਈ ਕੰਮ ਕਰਨ ਲੱਗੇ ਹੋ, ਉਸ ਨੂੰ ਚਾਹੇ ਅੱਧਾ ਘੰਟਾ ਲੱਗਣਾ ਹੈ, ਉਸ ਨੂੰ ਚਾਹੇ ਪੰਦਰਾਂ ਮਿੰਟ ਲੱਗਣੇ ਹਨ ਜਾਂ ਵੀਹ ਮਿੰਟ ਲੱਗਣੇ ਹਨ, ਉਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਛਿਨ ਲਈ ਸੁਚੇਤ ਹੋ ਜਾਓ, ਸੁਚੇਤ ਕੀ? ਇਹ ਕੰਮ ਕਰਦਿਆਂ ਵਾਹਿਗੁਰੂ-ਵਾਹਿਗੁਰੂ ਮੇਰੇ ਅੰਦਰ ਕਿਵੇਂ ਚੱਲੇ? ਹੁਣ ਇੱਥੇ ਕੀਰਤਨ ਦੀ ਸਮਾਪਤੀ ਹੋਣੀ ਹੈ। ਥਰੀ ਵੀਲ੍ਹਰ ਵਿੱਚ ਬੈਠੋਗੇ ਜਾਂ ਕਾਰ ਵਿੱਚ ਜਾਂ ਬੱਸ ਵਿੱਚ। ਹੁਣ ਤੁਰਨ ਲੱਗਿਆਂ ਇੱਕ ਛਿਨ ਲਈ ਕਿਤੇ ਸੁਚੇਤ ਹੋ ਜਾਈਏ, 25 ਮਿੰਟ ਲੱਗਣੇ ਹਨ, ਘਰ ਪਹੁੰਚਦਿਆਂ ਤੇ ਕਿਹੜੇ ਢੰਗ ਨਾਲ ਗੱਡੀ ਵਿੱਚ ਬੈਠਾਂ, 25 ਮਿੰਟ ਤੂੰ ਵਿਸਰੇ ਹੀ ਨਾ, ਤੂੰ ਭੁੱਲੇ ਹੀ ਨਾ। ਇਸੇ ਤਰ੍ਹਾਂ ਹੀ ਬੀਬੀਆਂ ਘਰ ਵਿੱਚ ਆਟਾ ਗੁੰਨ੍ਹਣ ਤੋਂ ਪਹਿਲਾਂ ਇੱਕ ਛਿਨ ਲਈ ਜੇਕਰ ਸੁਚੇਤ ਹੋ ਜਾਣ ਕਿ ਆਪਣੀ ਬਿਰਤੀ ਸੁਰਤੀ ਨੂੰ, ਦੂਜੇ ਖਿਆਲਾਂ ਵਿੱਚੋਂ ਕੱਢ ਕੇ ਆਟਾ ਗੁੰਨ੍ਹਦਿਆਂ ਵੀ ਵਾਹਿਗੁਰੂ ਵਿੱਚ ਜੋੜਨੀ ਹੈ। ਆਟਾ ਗੁੰਨ੍ਹਦਿਆਂ ਅੱਠ ਮਿੰਟ ਲੱਗਣੇ ਹਨ ਤੇ ਉਹ ਅੱਠ ਮਿੰਟ ਮੈਨੂੰ ਵਾਹਿਗੁਰੂ ਵਿਸਰੇ ਹੀ ਨਾ। ਇਹ ਹੈ ਇੱਕ ਚਿੱਤ, ਇੱਕ ਛਿਨ, ਸੁਚੇਤ ਹੋ ਜਾਣਾ। ਕੋਈ ਵੀ ਕੰਮ ਕਰਨ ਲੱਗਿਆਂ ਉਸ ਤੋਂ ਪਹਿਲਾਂ ਸੁਚੇਤ ਹੋ ਜਾਣਾ ਕਿ ਇੰਨੇ ਸਮੇਂ ਵਿੱਚ ਮੈਂ ਆਪਣੇ ਅੰਦਰ ਸਿਮਰਨ ਕਿਵੇਂ ਚਲਾਉਣਾ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਦਾਸ ਨੇ ਕਦੀ ਆਪਣੀ ਇਕੱਲੇ ਦੀ ਅਰਦਾਸ ਨਹੀਂ ਕੀਤੀ, ਇਹੀ ਲਾਲਚ ਹੈ, ਮਹਾਰਾਜ ਜੀ, ਜੋ ਤੁਹਾਡੀ ਫੁਲਵਾੜੀ ਸਤਿਸੰਗਤ ਦੇ ਰੂਪ ਵਿੱਚ ਇਕੱਠੀ ਹੁੰਦੀ ਹੈ, ਜਦੋਂ ਬੁੱਕਾਂ ਖੋਲ੍ਹੋਗੇ, ਸਭ ਲਈ ਖੋਲ੍ਹਣਾ, ਸਭ ਦੀ ਝੋਲੀ ਨਾਮ ਨਾਲ ਭਰਨਾ। ਗਰੀਬ ਨਿਵਾਜ, ਕਿਰਪਾ ਕਰਨਾ। ਆਓ ਅੱਜ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਇਸ ਅੰਕ ਵਿੱਚ ਪੰਜਵੇਂ ਭਾਗ ਦੀ ਵਾਰੀ ਹੈ। ਆਓ ਪਹਿਲਾਂ ਜਿਹੜਾ ਸ਼ਬਦ ਆਧਾਰ ਬਣਾਇਆ ਹੈ, ਪੜ੍ਹ ਕੇ ਹਾਜ਼ਰੀ ਲਗਵਾ ਲਈਏ :

ਸ਼ਬਦ

*ਮ : ੧ ॥*
*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਕਈ ਪੂਰਬਲੇ ਕਰਮ ਹੋਣ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪਣੀ ਕਿਰਪਾ ਕਰਕੇ ਇਹ ਸਤਿਸੰਗ ਬਖਸ਼ਦੇ ਹਨ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥*
*(ਅੰਗ ੨੦੪)*

ਜਿੰਨੀਆਂ ਭੈਣਾਂ, ਵੀਰ ਬੈਠੇ ਹੋ, ਜਨਮ ਤੁਹਾਡਾ ਮਾਂ-ਬਾਪ ਦੇ ਘਰ ਹੋਇਆ ਹੈ ਪਰ ਜਦੋਂ ਸਮਾਂ ਪ੍ਰਗਟ ਹੁੰਦਾ ਹੈ, ਕਰਮ ਪ੍ਰਗਟ ਹੁੰਦਾ ਹੈ ਤੇ ਸਾਡੇ ਕਲਗੀਧਰ ਪਿਤਾ ਜੀ ਫਿਰ ਤੁੱਠ ਕੇ ਦਰਗਾਹ ਦੀ ਮਾਂ, ਦਰਗਾਹ ਦਾ ਪਿਓ, ਉਸਨੂੰ ਸਤਿਸੰਗ ਨਾਲ ਜੋੜ ਦਿੰਦੇ ਹਨ। ਕੋਇਲ ਦਾ ਬੱਚਾ ਜਿਹੜਾ ਹੈ, ਉਸ ਨੂੰ ਪਾਲਦੀ ਕਾਉਣੀ ਹੈ, ਕੋਇਲ ਆਪਣੇ ਆਂਡੇ ਆਪਣੇ ਆਲ੍ਹਣੇ ਵਿੱਚ ਦੇਵੇ ਤੇ ਕਾਉਣੀ ਸ਼ਰਾਰਤ ਨਾਲ ਤੋੜ ਦਿੰਦੀ ਹੈ। ਵੇਖੋ, ਉਸ ਨੂੰ ਰੱਬ ਨੇ ਦਿਮਾਗ ਦਿੱਤਾ ਹੈ, ਕੋਇਲ ਜਦੋਂ ਗਰਭਵਤੀ ਹੁੰਦੀ ਹੈ ਤੇ ਆਪਣਾ ਬੱਚਾ ਕਾਉਣੀ ਦੇ ਆਲ੍ਹਣੇ ਵਿੱਚ ਦਿੰਦੀ ਹੈ, ਕਾਉਣੀ ਉਸ ਨੂੰ ਆਪਣਾ ਬੱਚਾ ਸਮਝ ਕੇ ਹੀ ਪਾਲਦੀ ਹੈ। ਜਦੋਂ ਉਹ ਬੱਚਾ ਤਕਰੀਬਨ ਸੱਤ ਕੁ ਦਿਨ ਦੇ ਕਰੀਬ ਹੁੰਦਾ ਹੈ ਤਾਂ ਥੋੜ੍ਹੇ-ਥੋੜ੍ਹੇ ਪਰ ਮਾਰਨ ਲੱਗ ਜਾਂਦਾ ਹੈ, ਆਲ੍ਹਣੇ ਵਿੱਚੋਂ ਆ ਕੇ ਟਾਹਣ ਤੇ ਬੈਠਣਾ ਸ਼ੁਰੂ ਕਰ ਦਿੰਦਾ ਹੈ ਤੇ ਕੋਇਲ ਸਾਹਮਣੇ ਟਾਹਣੀ ਤੇ ਬੈਠ ਕੇ ਕੂਕਦੀ ਹੈ ਤੇ ਬੱਚਾ ਮਾਂ ਦੀ ਕੂਕ ਨੂੰ ਪਛਾਣ ਕੇ ਉੱਡ ਕੇ ਆਪਣੀ ਮਾਂ ਦੇ ਕੋਲ ਆ ਜਾਂਦਾ ਹੈ, ਉਸ ਕੋਲ ਆਉਣ ਤੇ ਕੋਇਲ ਫਿਰ ਉਸ ਨੂੰ ਆਪਣੇ ਆਲ੍ਹਣੇ ਵਿੱਚ ਲੈ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਇਸ ਬਾਰੇ ਇਵੇਂ ਲਿਖਿਆ ਹੈ :

*ਕੋਇਲ ਪਾਲੈ ਕਾਂਵਣੀ ਮਿਲਦਾ ਜਾਇ ਕੁਟੰਬ ਸਿਵਾਣੈ ॥*
*(ਵਾਰ ੧੧, ਪਉੜੀ ੯)*

ਕੋਇਲ ਦਾ ਬੱਚਾ ਪਲਦਾ ਕਾਉਣੀ ਦੇ ਆਲ੍ਹਣੇ ਵਿੱਚ ਹੈ ਪਰ ਜਦੋਂ ਸਮਾਂ ਬਣਦਾ ਹੈ ਤੇ ਮਾਂ ਅਵਾਜ਼ ਮਾਰ ਕੇ ਲੈ ਜਾਂਦੀ ਹੈ। ਤੁਹਾਡਾ ਜਨਮ ਮਾਂ-ਬਾਪ ਘਰ ਹੋਇਆ ਪਰ ਜਦੋਂ ਧੰਨ ਧੰਨ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਮਾਂ ਬਣਾਇਆ ਤੇ ਸਤਿਸੰਗ ਰੂਪੀ ਮਾਂ-ਬਾਪ ਅਵਾਜ਼ ਦੇ ਕੇ ਲੈ ਆਏ ਫਿਰ ਆਪਣੇ ਪਾਸ। ਇਹ ਸਤਿਸੰਗ ਦੇ ਮੰਡਲ ਵਿੱਚੋਂ ਕਿਧਰੇ ਤੁਸੀਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਪ੍ਰਕਰਨ ਸਰਵਣ ਕੀਤਾ, ਗੁਰੂ ਸਾਹਿਬ ਜੀ ਨੇ ਸੇਵਾ ਲਈ। ਕਿਧਰੇ ਗੁਰਸਿੱਖ ਦੀਆਂ ਤੇਰ੍ਹਾਂ ਨਿਸ਼ਾਨੀਆਂ, ਕਿਧਰੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਕੌਣ-ਕੌਣ ਗਾ ਰਿਹਾ ਹੈ, ਜਿਵੇਂ-ਜਿਵੇਂ ਗੁਰੂ ਸਾਹਿਬ ਜੀ ਨੇ ਸਮਾਂ ਬਣਾਇਆ ਤੇ ਸੇਵਾ ਲਈ ਤੇ ਹੁਣ ਪ੍ਰਕਰਨ ਚੱਲ ਰਿਹਾ ਹੈ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਹੁਣ ਇਸ ਅੰਕ ਵਿੱਚ ਪੰਜਵੇਂ ਭਾਗ ਦੀ ਵਾਰੀ ਹੈ। ਪਹਿਲੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ ਉਸ ਬੀਬੀ ਦੇ ਜਿਸ ਦੇ ਦਰ ਤੇ ਅੱਜ ਵੀ ਨਮਸਕਾਰ ਕਰਨ ਨਾਲ ਜਿਨ੍ਹਾਂ ਦੀ ਝੋਲੀ ਵਿੱਚ ਔਲਾਦ ਨਹੀਂ, ਉਨ੍ਹਾਂ ਦੀ ਝੋਲੀ ਭਰਦੀ ਹੈ। ਰੱਬ ਦਾ ਜ਼ਾਹਿਰਾ ਰੂਪ ਛੇਵੇਂ ਪਾਤਸ਼ਾਹ ਜੀ ਦੀ ਬੱਚੀ, ਬੀਬੀ ਵੀਰੋ ਜੀ ਦੇ ਜੀਵਨ ਦੇ। ਦੂਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਉਸ ਰੰਗੀ ਆਤਮਾ ਦੇ ਜਿਨ੍ਹਾਂ ਦੇ ਘਰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਪ ਆਸਣ ਲਗਾਇਆ, ਮਾਤਾ ਭਿਰਾਈ ਜੀ ਦੇ ਜੀਵਨ ਦੇ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਕਿਹਾ ਸੀ ਕਿ ਇੱਥੇ ਕਰਤਾਰਪੁਰ ਤੁਹਾਡੇ ਨਾਲ ਈਰਖਾ ਹੋਵੇਗੀ, ਤੁਸੀਂ ਖਡੂਰ ਸਾਹਿਬ ਚਲੇ ਜਾਓ। *ਵਹਾਂ ਮਾਤਾ ਭਿਰਾਈ ਹੈ। ਉਨ ਕੇ ਘਰ ਮੇਂ ਮੇਰਾ ਸਿੰਘਾਸਨ ਹੈ। ਵਹ ਮੇਰਾ ਆਸਣ ਹੈ।* ਉੱਥੇ ਬੈਠੋ। ਤੀਜੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਧੰਨ ਧੰਨ ਮਾਤਾ ਖੀਵੀ ਜੀ ਦੇ ਜੀਵਨ ਦੇ, ਉਹ ਸਤਿਕਾਰਯੋਗ ਬੀਬੀ ਜਿਨ੍ਹਾਂ ਦਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਨਾਂ ਆਇਆ ਹੈ ਤੇ ਚੌਥੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਬੀਬੀ (ਮਾਤਾ) ਭਾਨੀ ਜੀ ਦੇ ਜਿਹੜੇ ਗੁਰੂ ਪੁੱਤਰੀ ਵੀ ਹੋਏ ਹਨ, ਗੁਰੂ ਪਤਨੀ ਵੀ ਹੋਏ ਹਨ, ਗੁਰੂ ਜਨਨੀ ਵੀ ਹੋਏ ਹਨ, ਗੁਰੂ ਦਾਦੀ ਵੀ ਹੋਏ ਹਨ, ਗੁਰੂ ਪੜਦਾਦੀ ਵੀ ਹੋਏ ਹਨ, ਗੁਰੂ ਸਾਹਿਬ ਦੇ ਸੇਵਕ ਵੀ ਹੋਏ ਹਨ। ਹੁਣ ਪੰਜਵਾਂ ਭਾਗ ਹੈ, ਸੰਗਤ ਮਾਂ ਬਾਪ ਬਣ ਕੇ ਸਿਰ ਤੇ ਹੱਥ ਰੱਖਣਾ। ਇਸ ਅੰਕ ਵਿੱਚ ਉਸ ਬੀਬੀ ਦੇ ਦਰਸ਼ਨ ਕਰਨੇ ਹਨ ਜਿਨ੍ਹਾਂ ਦਾ ਨਾਂ ਲੈਂਦਿਆਂ ਤੁਹਾਡੇ ਅੰਦਰ ਠੰਡ ਪੈ ਜਾਂਦੀ ਹੈ, ਸਾਡੇ ਬਾਬਾ ਨਾਨਕ ਜੀ ਦੇ ਸਤਿਕਾਰਯੋਗ ਭੈਣ ਜੀ :

*ਧੰਨ ਧੰਨ ਬੇਬੇ ਨਾਨਕੀ ਜੀ*

ਬੇਬੇ ਨਾਨਕੀ ਜੀ ਇਨ੍ਹਾਂ ਦਾ ਜਿਹੜਾ ਜਨਮ ਹੈ, ਜ਼ਿਲ੍ਹਾ ਲਾਹੌਰ, ਪਿੰਡ ਚਾਹਲ, ਨਾਨਕੇ। ਮਾਤਾ ਤ੍ਰਿਪਤਾ ਜੀ ਦੇ ਪੇਕੇ, ਉੱਥੇ ਹੋਇਆ ਹੈ। ਪਹਿਲੇ ਸਮੇਂ ਵਿੱਚ ਰਿਵਾਜ ਹੁੰਦਾ ਹੋਣਾ ਹੈ ਕਿ ਜਦੋਂ ਸਮਾਂ ਬਣਦਾ ਹੋਵੇਗਾ ਤੇ ਕਈ ਵਾਰੀ ਬੀਬੀਆਂ ਪੇਕੇ ਚਲੇ ਜਾਂਦੀਆਂ ਸਨ। ਬਹੁਤ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਨਾਨਕੀ ਨਾਂ ਵੀ ਇਸ ਕਰਕੇ ਪੈ ਗਿਆ ਕਿ ਨਾਨਕੇ ਘਰ ਜਨਮ ਹੋਇਆ ਹੈ ਤੇ ਸਾਰੇ ਨਾਨਕੀ ਕਹਿਣ ਲੱਗ ਪਏ। ਬੇਬੇ ਨਾਨਕੀ ਜੀ ਨੂੰ ਮਾੜੀ ਮੋਟੀ ਹਸਤੀ ਨਾ ਸਮਝਣਾ। ਇਹ ਪਿਛਲੇ ਜਨਮ ਵਿੱਚ ਰਿਖੀ ਸਨ। ਪਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ ਵੀ ਪਿਛਲੇ ਜਨਮ ਵਿੱਚ ਰਿਖੀ ਸਨ, ਤਪੱਸਵੀ ਸਨ, ਅਰਾਧਨਾ ਕੀਤੀ ਸੀ। ਉਹ ਅਕਾਲ ਪੁਰਖ ਦਿਆਲੂ ਹੋਇਆ ਸੀ। ਪੁੱਛਿਆ, ਫਿਰ ਕਿ ਕੁਝ ਮੰਗੋ। ਇਹ ਦੋਵਾਂ ਨੇ ਮੰਗਿਆ ਸੀ, ਸਾਡੀ ਕੁੱਖ ਵਿੱਚੋਂ ਜਨਮ। ਸਾਡੇ ਘਰ ਆਉਣਾ। ਰਾਏ ਬੁਲਾਰ ਵੀ ਰਿਖੀ ਸਨ, ਉਨ੍ਹਾਂ ਨੂੰ ਵੀ ਆਖਿਆ ਸੀ, ਤੁਸੀਂ ਮੰਗੋ। ਕਹਿਣ ਲੱਗੇ, ਮੈਨੂੰ ਦਰਸ਼ਨ ਦੇਣਾ, ਕਿਰਪਾ ਕਰਨੀ। ਇਹ ਭੈਣ ਨਾਨਕੀ ਜੀ ਵੀ ਰਿਖੀ ਸਨ। ਇਨ੍ਹਾਂ ਨੂੰ ਵੀ ਅਕਾਲ ਪੁਰਖ ਨੇ ਆਖਿਆ ਸੀ, ਤੁਸੀਂ ਵੀ ਕੁਝ ਮੰਗੋ। ਕਹਿਣ ਲੱਗੇ, ਮਾਤਾ ਤ੍ਰਿਪਤਾ ਜੀ, ਪਿਤਾ ਕਾਲੂ ਜੀ ਦੇ ਵਿਹੜੇ ਜਦੋਂ ਤੁਸੀਂ ਖੇਡੋਗੇ ਤੇ ਮੇਰੇ ਤੇ ਵੀ ਇਹੋ ਜਿਹੀ ਕਿਰਪਾ ਕਰਨੀ ਕਿ ਮੈਂ ਉਸ ਵੇਲੇ ਤੁਹਾਡੀ ਰੱਜ-ਰੱਜ ਕੇ ਸੇਵਾ ਕਰ ਸਕਾਂ।

ਭੈਣ ਨਾਨਕੀ ਜੀ ਦਾ ਆਗਮਨ ਹੋਇਆ ਤੇ ਕੁਝ ਮਹਾਂਪੁਰਸ਼ਾਂ ਨੇ ਇੰਝ ਲਿਖਿਆ ਹੈ ਕਿ ਭੈਣ ਨਾਨਕੀ ਜੀ ਬਹੁਤ ਮਹਾਨ ਸ਼ਖਸੀਅਤ ਸਨ। ਜਿਵੇਂ ਕਿਸੇ ਜਗ੍ਹਾ ਤੇ ਕਿਸੇ ਬਾਦਸ਼ਾਹ ਨੇ ਜਾਣਾ ਹੋਵੇ, ਤੁਹਾਨੂੰ ਪਤਾ ਹੈ ਕਿ ਸੇਵਾਦਾਰ ਪਹਿਲੇ ਜਾਂਦੇ ਹਨ, ਪ੍ਰਬੰਧ ਕਰਨ ਲਈ। ਉਹ ਦੁਨੀਆਂ ਦੇ ਬਾਦਸ਼ਾਹ, ਸੱਚੇ ਪਾਤਸ਼ਾਹ, ਨਿਰੰਕਾਰ ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਰੂਪ ਵਿੱਚ ਆਉਣਾ ਸੀ ਤੇ ਆਪਣੇ ਸੇਵਾਦਾਰ (ਉੱਚੀ ਭਾਵਨਾ ਵਾਲੀ ਮੂਰਤ ਬੇਬੇ ਨਾਨਕੀ ਜੀ) ਨੂੰ ਪਹਿਲਾਂ ਭੇਜਿਆ ਹੈ। ਪੰਜ ਸਾਲ ਵੱਡੇ ਸੀ ਬੇਬੇ ਨਾਨਕੀ ਜੀ, ਧੰਨ ਗੁਰੂ ਨਾਨਕ ਮਹਾਰਾਜ ਜੀ ਤੋਂ। ਇਹ ਫਿਰ ਮਹਾਂਪੁਰਸ਼ਾਂ ਨੇ ਪਿਆਰ ਵਿੱਚ ਬਚਨ ਲਿਖੇ ਹਨ, ਨਿਰੰਕਾਰ ਨੇ ਆਉਣਾ ਸੀ ਤੇ ਸੇਵਾਦਾਰ ਨੇ ਪਹਿਲੋਂ ਆਉਣਾ ਸੀ ਤੇ ਸੇਵਾਦਾਰ ਦੇ ਰੂਪ ਵਿੱਚ ਪਹਿਲੇ ਆਏ ਹਨ। ਭੈਣ ਨਾਨਕੀ ਜੀ ਇੰਨੇ ਵੱਡੇ ਹਨ ਤੇ ਫਿਰ ਮਹਾਂਪੁਰਸ਼ਾਂ ਨੇ ਲਿਖਿਆ ਹੈ ਕਿ ਬੇਬੇ ਨਾਨਕੀ ਜੀ ਨੇ ਆਉਣਾ ਸੀ, ਉਸ ਨਿਰੰਕਾਰ ਨੂੰ ਬਾਲ ਰੂਪ ਵਿੱਚ ਖਿਡਾਉਣ ਲਈ, ਪਹਿਲਾਂ ਭੇਜਿਆ। ਫਿਰ ਮਹਾਂਪੁਰਸ਼ਾਂ ਨੇ ਲਿਖਿਆ ਹੈ, ਬੇਬੇ ਨਾਨਕੀ ਜੀ ਭਗਤੀ ਦਾ ਸਰੂਪ ਹੋਏ ਹਨ। ਧੰਨ ਗੁਰੂ ਨਾਨਕ ਮਹਾਰਾਜ ਜੀ ਗਿਆਨ ਦਾ ਸਰੂਪ ਹੋਏ ਹਨ। ਭਾਵ ਇਹ ਕਿ ਭਗਤੀ ਨੇ ਗਿਆਨ ਨੂੰ ਪ੍ਰਗਟ ਕਰਨਾ ਸੀ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਇਸ ਪਿਆਰ ਭਰੇ ਸਮੇਂ ਨੂੰ, ਸਾਡੇ ਗੁਰੂ ਨਾਨਕ ਮਹਾਰਾਜ ਜੀ ਨੇ ਨਵੇਂ ਨਾਮ ਨਾਲ ਪੁਕਾਰਿਆ, ਬੇਬੇ। ਦੋ ਲਫਜ਼, ਬੇਬੇ। ਇਹ ਭੈਣ ਨਾਨਕੀ ਜੀ ਲਈ ਵਰਤੇ। ਸਿਰਫ ਇਸ ਪ੍ਰਕਰਨ ਦਾ ਮਿਸ਼ਨ, ਐ ਦੁਨੀਆਂ ਦੇ ਲੋਕੋ, ਔਰਤ ਨੂੰ ਛੋਟਾ ਵੇਖਣ ਵਾਲੇ ਲੋਕੋ, ਜੇਕਰ ਰੱਬ ਨੇ ਵੀ ਧਰਤੀ ਤੇ ਆਉਣਾ ਹੈ, ਨਿਰੰਕਾਰ ਨੇ ਵੀ ਆਉਣਾ ਹੈ ਤੇ ਭੈਣ ਨਾਨਕੀ ਜੀ ਨੂੰ ਪਹਿਲਾਂ ਭੇਜਿਆ ਹੈ, ਸਾਰੇ ਉਸ ਪ੍ਰਬੰਧ ਵਾਸਤੇ। ਆਓ ਨਾਲ-ਨਾਲ ਕਰੋ ਕਿਰਪਾ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਬੇਬੇ ਨਾਨਕੀ ਜੀ, ਧੰਨ ਗੁਰੂ ਨਾਨਕ ਸਾਹਿਬ ਜੀ ਦੇ ਭੈਣ ਜੀ। ਉਨ੍ਹਾਂ ਦੇ ਜੀਵਨ ਦੇ ਇੱਕ ਅੰਸ਼ ਦੇ ਦਰਸ਼ਨ ਕਰਨਾ, ਉਹ ਅੰਸ਼ ਕਿਹੜਾ ਹੈ? ਪਛਾਨਣ ਦਾ। ਪਛਾਨਣ ਦਾ ਅੰਸ਼। ਭੈਣ ਨਾਨਕੀ ਜੀ ਨੇ ਪਛਾਣਿਆ, ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ। ਕਰੋ ਦਰਸ਼ਨ ਜੀ :

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥*
*ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥*

*(ਅੰਗ ੧੧੮੫)*

ਮਹਾਨ ਕੋਸ਼ ਦੇ ਗਿਆਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਨਿਚੋੜ ਲਿਖਿਆ ਹੈ, ਦਾਸ ਨੂੰ ਬੜਾ ਚੰਗਾ ਲੱਗਿਆ ਹੈ। ਉਹ ਲਿਖਦੇ ਹਨ ਕਿ ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਗ੍ਰਹਿਣ ਕਰਨ ਵਾਲੇ, ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਮੰਨਣ ਵਾਲੇ, ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੇ ਪਹਿਲੀ ਸਤਿਕਾਰਯੋਗ ਇਸਤਰੀ ਬੇਬੇ ਨਾਨਕੀ ਜੀ ਹੋਏ ਹਨ ਜਿਨ੍ਹਾਂ ਨੇ ਇਹ ਧਰਮ ਗ੍ਰਹਿਣ ਕੀਤਾ ਸੀ।

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥*
*ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥*
*(ਅੰਗ ੧੧੮੫)*

ਬੜੀ ਵੱਡੀ ਗੱਲ ਹੈ, ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਲਿਖਿਆ ਹੈ, ਜਿਹੜਾ ਸਿੱਖ ਧਰਮ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਚਲਾਇਆ ਹੈ, ਇਸ ਵਿੱਚ ਪਹਿਲਾ ਕਦਮ ਰੱਖਣ ਵਾਲੀ ਬੀਬੀ, ਬੇਬੇ ਨਾਨਕੀ ਜੀ ਹਨ। ਅਨੇਕਾਂ ਪ੍ਰਕਰਨ ਆਪ ਜੀ ਪੜ੍ਹਦੇ, ਸੁਣਦੇ ਹੋ। ਜਿਵੇਂ ਹੁਣ ਪੰਜ ਪਿਆਰੇ ਅੰਮ੍ਰਿਤ ਦੀ ਦਾਤ ਦਿੰਦੇ ਹਨ ਅਤੇ ਅਸੀਂ ਗੁਰੂ ਵਾਲੇ ਬਣਦੇ ਹਾਂ। ਇਸ ਤਰ੍ਹਾਂ ਸਭ ਤੋਂ ਪਹਿਲਾਂ ਗੁਰੂ ਧਾਰਨ ਵਾਲੀ ਬੀਬੀ, ਬੇਬੇ ਨਾਨਕੀ ਜੀ ਹਨ। ਔਰ ਭਾਈ ਵੀਰ ਸਿੰਘ ਜੀ ਨੇ ਵੀ ਆਪਣੀ ਕਲਮ ਵਿੱਚ, ਪਿਆਰ ਭਰ ਕੇ ਲਿਖਿਆ ਹੈ, ਭੈਣ ਨਾਨਕੀ ਜੀ ਦੀ ਭਾਵਨਾ ਪਛਾਨਣ ਵਾਲੀ ਐਸੀ ਸੀ ਕਿ ਬੇਬੇ ਨਾਨਕੀ ਜੀ ਨੇ ਗੁਰੂ ਨਾਨਕ ਮਹਾਰਾਜ ਜੀ ਨੂੰ ਵੀਰ ਕਰਕੇ ਨਹੀਂ ਜਾਣਿਆ ਬਲਕਿ ਪੀਰ ਕਰਕੇ ਜਾਣਿਆ ਹੈ। ਤੂੰ ਸੱਚਾ ਪੀਰ ਹੈਂ।

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥*
*ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥*
*(ਅੰਗ ੧੧੮੫)*

ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਨਣ ਵਾਲੀ ਪਹਿਲੀ ਬੀਬੀ, ਗੁਰੂ ਨਾਨਕ ਮਹਾਰਾਜ ਜੀ ਨੂੰ ਅਵਤਾਰ ਕਰਕੇ, ਪ੍ਰਭੂ ਕਰਕੇ ਜਾਨਣ ਵਾਲੀ ਪਹਿਲੀ ਬੀਬੀ, ਬੇਬੇ ਨਾਨਕੀ ਜੀ ਹਨ। ਮਾਤਾ ਜੀ ਨੇ ਕਹਿਣਾ, ਬੱਚੀਏ, ਨਾਨਕ ਨੂੰ ਸਮਝਾਅ ਦਿਨੇ ਰਾਤ ਪਿਆ ਰਹਿੰਦਾ ਹੈ। ਨਾ ਗੱਲ ਕਰਦਾ ਹੈ, ਨਾ ਬਾਤ ਕਰਦਾ ਹੈ, ਨਾ ਤੁਰਦਾ ਹੈ, ਨਾ ਫਿਰਦਾ ਹੈ। ਮਾਤਾ ਤ੍ਰਿਪਤਾ ਜੀ ਨੇ ਕਹਿਣਾ, ਭੈਣ ਨਾਨਕੀ ਜੀ ਨੂੰ ਕਿ ਇਸ ਨੂੰ ਸਮਝਾਅ, ਮੈਨੂੰ ਲੱਗਦਾ ਹੈ, ਕਮਲਾ ਹੋ ਗਿਆ ਹੈ। ਤੇ ਭੈਣ ਨਾਨਕੀ ਜੀ ਦੀਆਂ ਅੱਖਾਂ ਵਿੱਚ ਅੱਥਰੂ ਆ ਜਾਣੇ ਤੇ ਕਹਿਣਾ, ਮਾਤਾ ਜੀ, ਮੇਰਾ ਵੀਰ ਕਮਲਾ ਨਹੀਂ, ਉਹ ਜਿਸ ਦੇ ਵੱਲ ਨਿਗ੍ਹਾ ਕਰ ਦੇਵੇ, ਉਹ ਕਮਲੇ ਵੀ ਰਾਜ਼ੀ ਹੋ ਜਾਂਦੇ ਹਨ।

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥*
*ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥*
*(ਅੰਗ ੧੧੮੫)*

ਮਾਵਾਂ ਦਾ ਆਪਣਾ ਮਮਤਾ ਵਾਲਾ ਮਨ ਹੁੰਦਾ ਹੈ, ਮਾਂ ਨੇ ਫਿਰ ਕਹਿਣਾ, ਧੀਏ, ਤੂੰ ਵੱਡੀ ਹੈਂ, ਸਮਝਾਅ ਤਾਂ ਸਹੀ। ਭੈਣ ਨਾਨਕੀ ਜੀ ਨੇ ਫਿਰ ਪਿਆਰ ਦਾ ਜਲ ਅੱਖਾਂ ਵਿੱਚ ਭਰਨਾ ਤੇ ਕੀ ਆਖਣਾ, ਮਾਤਾ ਜੀ, ਮੈਂ ਉਮਰ ਕਰਕੇ ਵੱਡੀ ਹਾਂ ਪਰ ਦੂਜੀ ਗੱਲ ਵਿੱਚ ਸਭ ਤੋਂ ਵੱਡੇ ਮੇਰੇ ਵੀਰ ਨੇ, ਮੈਂ ਵੱਡੀ ਨਹੀਂ, ਹਰ ਪਾਸਿਓਂ ਉਹ ਹੀ ਵੱਡੇ ਹਨ। ਤੁਸੀਂ ਮਾਤਾ ਜੀ ਉਮਰ ਵੇਖਦੇ ਹੋ। ਮੈਂ ਉਮਰ ਵਿੱਚ ਵੱਡੀ ਹਾਂ ਪਰ ਉਂਝ ਉਹ ਹੀ ਵੱਡੇ ਹਨ। ਕਿਧਰੇ-ਕਿਧਰੇ ਮਾਤਾ-ਪਿਤਾ ਜੀ ਦੇ ਕਹਿਣ ਤੇ ਭੈਣ ਨਾਨਕੀ ਜੀ ਨੇ ਕਹਿ ਵੀ ਦੇਣਾ, ਵੀਰ ਜੀ, ਪਿਤਾ ਜੀ ਦੁਖੀ ਹਨ ਤੇ ਅੱਗੋਂ ਨਾਨਕ ਜੀ ਅਕਾਸ਼ ਵੱਲ ਵੇਖ ਕੇ ਕਹਿੰਦੇ ਹਨ, ਮੇਰੇ ਪਿਤਾ ਜੀ ਦੇ ਵੱਡੇ ਪਿਤਾ ਜੀ ਜਿਨ੍ਹਾਂ ਨੇ ਜਗਤ ਵਸਾਇਆ ਹੈ, ਉਹ ਜਗਤ ਵੀ ਬਹੁਤ ਦੁਖੀ ਹੈ। ਉਸ ਜਗਤ ਨੂੰ ਠੰਡ ਪਾਉਣ ਲਈ ਅਸੀਂ ਜਾਣਾ ਹੈ। ਇਹ ਪਛਾਨਣ ਦਾ ਪੱਖ ਚੱਲ ਰਿਹਾ ਹੈ। ਬੜਾ ਜ਼ਰੂਰੀ ਹੈ। ਦਾਸ ਨੂੰ ਨਹੀਂ ਪਤਾ ਕਿ ਜਿਹੜੇ ਘਰਾਂ ਵਿੱਚ ਪ੍ਰੋਗਰਾਮ ਸੁਣਦੇ ਹਨ, ਉਹ ਗੁਰੂ ਵਾਲੇ ਬਣੇ ਹਨ ਕਿ ਨਹੀਂ। ਜਿਹੜੇ ਰਸਾਲਾ ਪੜ੍ਹਦੇ ਹਨ, ਉਹ ਗੁਰੂ ਵਾਲੇ ਬਣੇ ਹਨ ਜਾਂ ਨਹੀਂ। ਪਰ ਦਾਸ ਗੁਰੂ ਸਾਹਿਬ ਦੀ ਕਿਰਪਾ ਨਾਲ ਬੇਨਤੀ ਕਰ ਰਿਹਾ ਹੈ, ਜਿਸ ਦਿਨ ਪਛਾਣ ਲਓਗੇ, ਇਹ ਹਨ, ਸਾਡੇ ਗੁਰੂ ਨਾਨਕ

ਮਹਾਰਾਜ ਜੀ। ਜਿਸ ਦਿਨ ਪਛਾਣ ਲਓਗੇ ਕਿ ਇਹ ਹਨ, ਸਾਡੇ ਛੇਵੇਂ ਪਾਤਸ਼ਾਹ ਜੀ। ਜਿਸ ਦਿਨ ਪਛਾਣ ਲਓਗੇ, ਇਹ ਹਨ, ਸਾਡੇ ਕਲਗੀਧਰ ਪਿਤਾ ਜੀ। ਹੁਣ ਧਿਆਨ ਦੇਣਾ, ਹੋਵੇ ਜੰਗ ਦਾ ਮੈਦਾਨ ਤੇ ਤੀਰ ਨੂੰ ਸਵਾ ਤੋਲਾ ਸੋਨਾ ਲੱਗਾ ਹੋਵੇ, ਇਸ ਤੋਂ ਕੀ ਭਾਵ ਹੈ? ਕਲਗੀਧਰ ਪਿਤਾ ਜੀ ਨੂੰ ਆਪਣੇ ਹਰ ਤੀਰ ਨੂੰ ਸਵਾ ਤੋਲਾ ਸੋਨਾ ਲਗਾਉਣ ਦੀ ਕੀ ਲੋੜ ਪਈ? ਇਹ ਹਨ, ਕਲਗੀਧਰ ਪਿਤਾ ਜੀ। ਮਹਾਰਾਜ ਜੀ ਕਹਿੰਦੇ, ਜਿਸ ਵੱਲ ਤੀਰ ਚਲਾ ਰਹੇ ਹਾਂ, ਉਸ ਨਾਲ ਕੋਈ ਦੁਸ਼ਮਣੀ ਨਹੀਂ। ਜ਼ਾਲਮ ਵੱਲੋਂ ਆਇਆ ਹੈ, ਤਾਂ ਤੀਰ ਮਾਰ ਰਹੇ ਹਾਂ। ਉਸ ਨਾਲ ਕੋਈ ਦੁਸ਼ਮਣੀ ਨਹੀਂ। ਸਵਾ ਤੋਲਾ ਸੋਨਾ ਤਾਂ ਲਗਾਇਆ ਹੈ ਕਿ ਜਿਸ ਨੂੰ ਤੀਰ ਮਾਰ ਰਹੇ ਹਾਂ, ਜੇ ਜ਼ਖਮੀ ਹੋ ਜਾਵੇ, ਮਲ੍ਹਮ ਪੱਟੀ ਦਾ ਪ੍ਰਬੰਧ ਕਰ ਲਵੇ ਤੇ ਜੇਕਰ ਚੜ੍ਹਾਈ ਕਰ ਜਾਵੇ ਤੇ ਕਫਨ ਦਾ ਪ੍ਰਬੰਧ ਹੋ ਜਾਵੇ। ਦੁਸ਼ਮਣੀ ਨਹੀਂ, ਕਲਗੀਧਰ ਪਿਤਾ ਜੀ ਦੀ ਕਿਸੇ ਨਾਲ, ਜਿਸ ਦਿਨ ਪਛਾਣ ਲਵੋਗੇ ਉਸ ਦਿਨ ਅੰਦਰੋਂ ਕਹੋਗੇ, ਤੇਰੇ ਨਹੀਂ ਬਣਨਾ ਤੇ ਫਿਰ ਕਿਸ ਦੇ ਬਣਨਾ ਹੈ। ਹੋਵੇ ਜੰਗ ਦਾ ਮੈਦਾਨ ਤੇ 7 ਅਸੂਲ ਉਸ ਵਿੱਚ ਵੀ ਕਾਇਮ ਰਹਿਣ। ਇਹ 7 ਅਸੂਲ ਹਨ, ਔਰਤ ਤੇ ਵਾਰ ਨਹੀਂ, ਬਜ਼ੁਰਗ ਤੇ ਵਾਰ ਨਹੀਂ, ਬੱਚੇ ਤੇ ਵਾਰ ਨਹੀਂ, ਸੁੱਤੇ ਤੇ ਵਾਰ ਨਹੀਂ, ਸ਼ਰਨ ਆਏ ਤੇ ਵਾਰ ਨਹੀਂ, ਨਿਹੱਥੇ ਤੇ ਵਾਰ ਨਹੀਂ, ਪਿੱਠ ਵਾਲੇ ਬੰਨੇ ਵਾਰ ਨਹੀ। ਇਹ ਸਚਾਈਆਂ ਹਨ। ਤੁਹਾਡੇ ਵਿੱਚੋਂ ਕਿਸ ਨੇ ਨਹੀਂ ਸੁਣਿਆ। ਸੁਣਦੇ ਹੋ ਨਾ। ਸਿੱਖ ਮਾਵਾਂ ਦੇ ਬੱਚਿਆਂ ਦੇ ਟੁਕੜੇ ਕਰਕੇ ਉਨ੍ਹਾਂ ਮਾਵਾਂ ਦੇ ਗਲਾਂ ਵਿੱਚ ਹਾਰ ਪਾਏ। ਸਿੱਖ ਮਾਵਾਂ ਦੇ ਬੱਚਿਆਂ ਨੂੰ ਨੇਜ਼ਿਆਂ ਤੇ ਟੰਗਿਆ। ਕੀ ਤੁਸੀਂ ਇਹ ਗੱਲ ਮੰਨਦੇ ਹੋ ਕਿ ਸਿੱਖਾਂ ਵਿੱਚ ਬਲ ਨਹੀਂ ਸੀ? ਤਾਕਤ ਨਹੀਂ ਸੀ? ਉਹ ਬਰਾਬਰ ਦੀ ਭਾਜੀ ਨਹੀਂ ਮੋੜ ਸਕਦੇ ਸਨ? ਮੋੜ ਸਕਦੇ ਸਨ। ਉਹ ਵੀ ਮੁਗ਼ਲਾਂ ਦੇ ਬੱਚੇ ਲੈ ਕੇ ਇੰਞ ਨਹੀਂ ਕਰ ਸਕਦੇ ਸਨ ਪਰ ਨਹੀਂ। ਕਦੀ ਕਿਤੇ ਸੁਣਿਆ ਹੈ ਕਿ ਸਿੱਖਾਂ ਨੇ ਵੀ ਇੰਞ ਕੀਤਾ ਹੋਵੇ ਕਿ ਮੁਗ਼ਲਾਂ ਦੇ ਬੱਚਿਆਂ ਦੇ ਟੁਕੜੇ ਕਰਕੇ ਉਨ੍ਹਾਂ ਦੀਆਂ ਮਾਵਾਂ ਦੇ ਗਲਾਂ ਵਿੱਚ ਹਾਰ ਪੁਆਏ ਹੋਣ। ਇਹ ਕਿਤੇ ਨਹੀਂ ਸੁਣਿਆ। ਇਹ ਨਹੀਂ ਸੁਣੋਗੇ ਕਿਉਂਕਿ ਕਲਗੀਧਰ ਮਹਾਰਾਜ ਜੀ ਦੇ ਅਸੂਲ ਸੀ, ਬੱਚੇ ਤੇ ਵਾਰ ਨਹੀਂ, ਔਰਤ ਤੇ ਵਾਰ ਨਹੀਂ, ਬਜ਼ੁਰਗ ਤੇ ਵਾਰ ਨਹੀਂ। ਇਹ ਸਿਰਫ ਪਛਾਨਣ ਦੀ ਗੱਲ ਹੈ। ਜਿਸ ਦਿਨ ਗੁਰੂ ਨੂੰ ਪਛਾਣੋਗੇ, ਹੱਥ ਅੱਡ ਕੇ ਮੰਗੋਗੇ, ਮੈਂ ਵੀ ਅੰਮ੍ਰਿਤ ਦੀ ਦਾਤ ਲੈ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਸੇ ਜਨਮ ਵਿੱਚ ਹੀ ਤੇਰਾ ਬਣ ਜਾਣਾ ਹੈ। ਗੱਲ ਪਛਾਣਨ ਦੀ ਹੈ। ਇਹ ਕੋਈ ਛੋਟੀ ਜਿਹੀ ਗੱਲ ਹੈ। ਸਾਡੇ ਇਤਿਹਾਸ ਨੂੰ ਇੰਞ ਪੇਸ਼ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਸਿਰਫ ਜੰਗਾਂ ਹੀ ਲੜੀਆਂ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਸ਼ਹਿਰ ਵਸਾਇਆ ਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿੰਦੇ ਹਨ, ਬਾਬਾ ਜੀ! ਸ਼ਹਿਰ ਦਾ ਨਾਮ ਕੀ ਰੱਖੀਏ? ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮਹਾਰਾਜ ਜੀ, ਤੁਸੀਂ ਆਪ ਰੱਖੋ। ਗੁਰੂ ਸਾਹਿਬ ਕਹਿੰਦੇ, ਨਹੀਂ ਬਾਬਾ ਬੁੱਢਾ ਸਾਹਿਬ ਜੀ, ਤੁਸੀਂ ਬ੍ਰਹਮ ਗਿਆਨੀ ਹੋ, ਆਪ ਜੀ ਰੱਖੋ। ਬਾਬਾ ਜੀ ਨੇ ਪਹਿਲਾਂ ਪੱਕਾ ਕਰ ਲਿਆ ਕਿ ਜੋ ਮੈਂ ਰੱਖਿਆ, ਫਿਰ ਮੋੜਿਓ ਨਾ। ਮਹਾਰਾਜ ਜੀ ਕਹਿੰਦੇ, ਜੋ ਤੁਸੀਂ ਰੱਖੋਗੇ, ਉਹੀ ਹੋਵੇਗਾ ਤੇ ਬਾਬਾ ਬੁੱਢਾ ਸਾਹਿਬ ਕਹਿੰਦੇ, ਸ਼ਹਿਰ ਦਾ ਨਾਂ ਰੱਖੋ, ਸ੍ਰੀ ਹਰਿਗੋਬਿੰਦਪੁਰ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿੰਦੇ, ਬਾਬਾ ਜੀ, ਆਹ ਕੀ ਕੀਤਾ? ਤੁਸੀਂ ਸਾਡੇ ਨਾਂ ਤੇ ਹੀ ਸ਼ਹਿਰ ਦਾ ਨਾਂ ਰੱਖ ਦਿੱਤਾ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮੈਂ ਪਹਿਲਾਂ ਹੀ ਪੱਕਾ ਕੀਤਾ ਹੈ। ਹੁਣ ਤੁਸੀਂ ਮੋੜਨਾ ਨਹੀਂ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮੈਂ ਤੁਹਾਡੇ ਨਾਂ ਤੇ ਤਾਂ ਰੱਖਿਆ ਹੈ, ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ, ਇੱਕ ਵਾਰੀ ਵੀ ਕੋਈ ਸ਼ਹਿਰ ਦਾ ਨਾਂ ਵੀ ਲਏਗਾ ਤੇ ਤੁਹਾਡਾ ਨਾਂ ਤਾਂ ਰਸਨਾ ਤੇ ਆ ਜਾਵੇਗਾ। ਹੁਣ ਇਹ ਸੁਣਨ ਵਾਲੀ ਗੱਲ ਹੈ। ਇਹ ਸ੍ਰੀ ਹਰਿਗੋਬਿੰਦਪੁਰ, ਮਹਿਤੇ ਦੇ ਕੋਲ ਛੇਵੇਂ ਪਾਤਸ਼ਾਹ ਜੀ ਨੇ ਸ਼ਹਿਰ ਵਸਾਇਆ। ਇਹੋ ਜਿਹੇ ਗੁਰੂ ਸਾਹਿਬ ਕਿਤੇ ਲੱਭਣਗੇ, ਦਸ ਬਾਰਾਂ ਵੀਹ

ਮੁਸਲਮਾਨ ਆ ਗਏ, ਛੇਵੇਂ ਪਾਤਸ਼ਾਹ ਜੀ ਕੋਲ। ਆ ਕੇ ਕਹਿੰਦੇ, ਮਹਾਰਾਜ ਜੀ, ਆਪ ਜੀ ਨੇ ਸ਼ਹਿਰ ਵਸਾਇਆ ਹੈ। ਮਹਾਰਾਜ ਜੀ ਕਹਿੰਦੇ, ਹਾਂ। ਇਹ ਹਨ, ਗੁਰੂ ਸਾਹਿਬ ਤੁਹਾਡੇ। ਪਛਾਣੋ। ਗੁਰੂ ਸਾਹਿਬ ਕਹਿੰਦੇ, ਹਾਂ, ਸ਼ਹਿਰ ਵਸਾਇਆ ਹੈ ਤੇ ਮੁਸਲਮਾਨ ਵੀਰ ਕਹਿੰਦੇ, ਇਸ ਸ਼ਹਿਰ ਵਿੱਚ ਅਸੀਂ ਵੀ ਰਹਿਣਾ ਹੈ। ਮਹਾਰਾਜ ਜੀ ਕਹਿੰਦੇ, ਰਹੋ। ਉਹ ਕਹਿਣ ਲੱਗੇ, ਮਹਾਰਾਜ ਜੀ, ਜੇ ਅਸੀਂ ਰਹਾਂਗੇ ਤਾਂ ਨਮਾਜ਼ ਕਿੱਥੇ ਪੜ੍ਹਾਂਗੇ? ਜੇ ਮਹਾਰਾਜ ਜੀ, ਆਪ ਜੀ ਨੇ ਸ਼ਹਿਰ ਵਸਾਇਆ ਹੈ ਤੇ ਫਿਰ ਸਾਨੂੰ ਮਸੀਤ ਵੀ ਬਣਾ ਕੇ ਦਿਓ। ਕੀ ਹੈ ਕੋਈ ਵੈਰ? ਇਹ ਇਤਿਹਾਸ ਹੈ, ਗੱਲਾਂ ਨਹੀਂ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਸਤਰੀ, ਮਜ਼ਦੂਰ ਆਪ ਲਵਾ ਕੇ ਡਿਊਟੀਆਂ ਲਗਾ ਕੇ ਮਸੀਤ ਬਣਾ ਕੇ ਦਿੱਤੀ, ਸ੍ਰੀ ਹਰਿਗੋਬਿੰਦਪੁਰੇ। ਅੱਜ ਵੀ ਸ੍ਰੀ ਹਰਿਗੋਬਿੰਦਪੁਰੇ ਜਾਓਗੇ, ਉਸ ਸਮੇਂ ਦੀ ਮਸੀਤ ਅੱਜ ਵੀ ਮੌਜੂਦ ਹੈ ਤੇ ਉਸ ਮਸੀਤ ਦਾ ਨਾਂ ਹੈ, ਗੁਰੂ ਕੀ ਮਸੀਤ। ਕੈਸੇ ਸਾਡੇ ਗੁਰੂ ਸਾਹਿਬ ਹਨ। ਕਿਧਰੇ ਹੈ ਕੋਈ ਕਿਸੇ ਨਾਲ ਵੈਰ। ਇਹ ਸਿਰਫ ਪਛਾਣਨ ਦੀ ਗੱਲ ਹੈ। ਜਿਸ ਗੁਰੂ ਨਾਨਕ ਮਹਾਰਾਜ ਜੀ ਦੇ ਲੜ ਲੱਗੇ ਹੋ, ਕਲਗੀਧਰ ਪਿਤਾ ਜੀ ਦੇ ਲੜ ਲੱਗੇ ਹੋ, ਇਸ ਘਰ ਦਾ ਕਿਸੇ ਮੁਸਲਮਾਨ ਨਾਲ ਵੈਰ ਨਹੀਂ। ਇੰਟਰਨੈੱਟ ਤੇ ਵੇਖ ਸਕਦੇ ਹੋ, ਗੁਰੂ ਕੀ ਮਸੀਤ ਛੇਵੇਂ ਪਾਤਸ਼ਾਹ ਜੀ ਨੇ ਆਪ ਮਿਸਤਰੀ ਮਜ਼ਦੂਰਾਂ ਦੀ ਡਿਊਟੀ ਲਗਾ ਕੇ ਬਣਵਾ ਕੇ ਦਿੱਤੀ। ਕਿਸੇ ਹਿੰਦੂ ਨਾਲ ਵੈਰ ਨਹੀਂ, ਕਿਸੇ ਮੁਸਲਮਾਨ ਨਾਲ ਵੈਰ ਨਹੀਂ। ਗੱਲ ਪਛਾਣਨ ਦੀ ਹੈ। ਆਹ ਇੱਕ ਬਾਰਡਰ ਹੈ। ਸਮਝ ਲਓ, ਆਹ ਬਾਰਡਰ ਹੈ ਤੇ ਥੱਲੇ ਅਸੀਂ ਹਾਂ। ਜਿਹੜਾ ਬਾਰਡਰ ਟੱਪ ਕੇ ਉੱਪਰ ਨਿਕਲਦਾ ਹੈ, ਉਹ ਫਿਰ ਪ੍ਰਵਾਨ ਹੋ ਜਾਂਦਾ ਹੈ। ਉਹ ਬਾਰਡਰ ਕਿਹੜਾ ਹੈ? ਜਿਹੜਾ ਗੁਰੂ ਨੂੰ ਪਛਾਣ ਲੈਂਦਾ ਹੈ, ਉਸ ਨੂੰ ਫਿਰ ਨਾ ਅੰਮ੍ਰਿਤ ਵੇਲੇ ਉੱਠਣਾ ਔਖਾ ਲੱਗਦਾ ਹੈ, ਨਾ ਅੰਮ੍ਰਿਤ ਛੱਕਣਾ ਔਖਾ ਲੱਗਦਾ ਹੈ, ਨਾ ਕੋਈ ਹੋਰ ਕਾਰਜ ਔਖਾ ਲੱਗਦਾ ਹੈ। ਜਦੋਂ ਉਹ ਬਾਰਡਰ ਟੱਪਦਾ ਹੈ, ਉਸ ਦੀਆਂ ਅੱਖਾਂ ਵਿੱਚ ਫਿਰ ਨਸ਼ਾ ਹੋ ਜਾਂਦਾ ਹੈ, ਨਾਮ ਦਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡੇ ਵਰਗਾ ਧਰਤੀ ਤੇ ਕੋਈ ਹੋ ਹੀ ਨਹੀਂ ਸਕਦਾ। ਹਫਤਾਵਰੀ ਵੀਰਵਾਰ ਸਤਿਸੰਗ ਵਿੱਚ ਆਉਣ ਵਾਲਿਓ, ਉਹ ਬਾਰਡਰ ਟੱਪ ਜਾਓ। ਉਸ ਬਾਰਡਰ ਨੂੰ ਟਪਾਉਣ ਲਈ ਭੈਣ ਨਾਨਕੀ ਜੀ ਦੇ ਚਰਨ ਧੋ ਕੇ ਪੀ ਲਈਏ। ਇਹ ਇਤਿਹਾਸ ਹੈ।

ਇਹ ਪਛਾਣਨ ਦਾ ਵਿਸ਼ਾ ਚੱਲ ਰਿਹਾ ਹੈ। ਇੱਕ ਅੱਧੀ ਹੋਰ ਸਾਖੀ ਸਾਂਝੀ ਕਰਾਂਗੇ। ਵੇਈਂ ਨਦੀ ਵਿੱਚ ਮਹਾਰਾਜ ਜੀ ਨੇ ਚੁੱਭੀ ਮਾਰੀ। ਦੱਸੋ, ਭਾਈ ਮਰਦਾਨਾ ਜੀ ਨੇ ਵੀ ਪਿਆਰ ਵਿੱਚ ਕਿਹਾ, ਗੁਰੂ ਨਾਨਕ ਮਹਾਰਾਜ ਜੀ ਡੁੱਬ ਗਏ। ਹੋਰ ਵੀ ਸਾਰਿਆਂ ਨੇ ਕਿਹਾ, ਬੇਬੇ ਜੀ, ਗੁਰੂ ਨਾਨਕ ਜੀ ਡੁੱਬ ਗਏ ਹਨ। ਆਹ ਵੇਖੋ ਕੱਪੜੇ ਮੇਰੇ ਹੱਥ ਵਿੱਚ ਫੜੇ ਹੋਏ ਹਨ। ਮੇਰੇ ਸਾਹਮਣੇ ਚੁੱਭੀ ਮਾਰੀ ਹੈ। ਨਿਕਲੇ ਹੀ ਨਹੀਂ ਪਰ ਜਿਨ੍ਹਾਂ ਨੇ ਪਛਾਣਿਆ, ਉਨ੍ਹਾਂ ਨੇ ਕੀ ਜਵਾਬ ਦਿੱਤਾ? ਓ ਦੁਨੀਆਂ ਦੇ ਲੋਕੋ, ਓ ਮੇਰੇ ਪਿਆਰੇ ਭਾਈ ਮਰਦਾਨਾ ਜੀ, ਜਿਹੜਾ ਡੁੱਬਿਆਂ ਨੂੰ ਤਾਰਨ ਵਾਲਾ ਹੈ, ਉਹ ਆਪ ਕਦੇ ਵੀ ਡੁੱਬ ਨਹੀਂ ਸਕਦਾ। ਇਹ ਵੀ ਉਸ ਦਾ ਕੋਈ ਚੋਜ ਹੈ। ਇਹ ਭੈਣ ਨਾਨਕੀ ਜੀ ਦੇ ਲਫਜ਼ ਸੀ। ਉਸ ਦਾ ਕੋਈ ਚੋਜ ਹੋਣਾ ਹੈ। ਉਹ ਡੁੱਬਿਆ ਨਹੀਂ। ਉਹ ਚੋਜ ਕੀ ਸੀ?

*ਬਾਬਾ ਪੈਧਾ ਸਚ ਖੰਡਿ*
*ਨਉ ਨਿਧਿ ਨਾਮੁ ਗਰੀਬੀ ਪਾਈ॥*

*(ਵਾਰ: ੧, ਪਉੜੀ ੪)*

ਉਹ ਚੋਜ ਕੀ ਸੀ? ਤੁਹਾਡੇ ਸਾਡੇ ਤੇ ਬਖਸ਼ਿਸ਼ਾਂ ਦਾ ਖਾਤਾ ਖੋਲ੍ਹਣ ਲਈ ਦਰਗਾਹ ਵਿੱਚੋਂ ਨਿਮਰਤਾ ਲਿਆਉਣੀ ਸੀ। ਜਦੋਂ ਤਿੰਨ ਦਿਨ ਵੇਈਂ ਨਦੀ ਵਿੱਚ ਚੁੱਭੀ ਮਾਰੀ ਤੇ ਤੁਹਾਡੇ ਲਈ, ਸਾਡੇ ਲਈ ਕੀ ਲੈ ਕੇ ਆਏ ਸੀ? ਆਹ ਲੈ ਕੇ ਆਏ ਸੀ, ਜੋ ਇਤਿਹਾਸਕਾਰਾਂ ਨੇ ਲਿਖਿਆ ਹੈ। ਇਹ ਕਈਆਂ ਨੂੰ ਨਹੀਂ ਪਤਾ, ਦਰਗਾਹ ਵਿੱਚੋਂ ਕੀ ਲੈ ਕੇ ਆਏ। ਜਦੋਂ ਵੇਈਂ ਨਦੀ ਵਿੱਚ ਚੁੱਭੀ ਮਾਰੀ ਹੈ, ਆਹ ਲਿਆਏ ਹਨ :

*ੴ ਸਤਿ ਨਾਮੁ ਕਰਤਾ ਪੁਰਖੁ*
*ਨਿਰਭਉ ਨਿਰਵੈਰੁ ਅਕਾਲ ਮੂਰਤਿ*
*ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਇਹ ਕਿਹੜਾ ਖਜ਼ਾਨਾ ਹੈ ਜੋ ਦਰਗਾਹ ਵਿੱਚੋਂ ਲੈ ਕੇ ਆਏ? ਇਹ ਬਾਣੀ ਦਾ ਖਜ਼ਾਨਾ। ਤੁਸੀਂ ਇੱਕ ਨਾਂ ਸੁਣਿਆ ਹੋਵੇਗਾ। ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ, ਕਾਰ ਸੇਵਾ ਵਾਲੇ ਮਹਾਂਪੁਰਖ। ਜਿਹੜਾ ਬਚਨ ਅੱਜ ਸਾਂਝਾ ਹੋਣ ਲੱਗਾ ਹੈ, ਦਾਸ ਦੀ ਬੇਨਤੀ ਹੈ ਕਿ ਇਸ ਨੂੰ ਆਪਣੇ ਘਰਾਂ ਵਿੱਚ ਵੀ ਲਿਆਈਏ। ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ, ਕੈਨੇਡਾ ਗਏ। ਇੱਕ ਮਹੀਨੇ ਲਈ ਗਏ। ਇੱਕ ਗੁਰਦੁਆਰਾ ਸਾਹਿਬ ਦੀਵਾਨ ਲੱਗੇ। ਤੁਹਾਨੂੰ ਪਤਾ ਹੈ ਕਿ ਉਨ੍ਹਾਂ ਦੀਆਂ ਕਾਰ ਸੇਵਾਵਾਂ ਚੱਲ ਰਹੀਆਂ ਸਨ। ਬਾਬਾ ਗੁਰਮੁਖ ਸਿੰਘ ਜੀ ਬਹੁਤ ਮਹਾਨ ਪੁਰਸ਼ ਹੋਏ ਹਨ। ਸਭ ਨੂੰ ਪਤਾ ਹੈ ਕਿ ਕਾਰ ਸੇਵਾ ਵਾਲੇ ਮਹਾਂਪੁਰਸ਼ ਸਤਿਨਾਮ ਵਾਹਿਗੁਰੂ ਦਾ ਜਾਪ ਕਰਵਾਉਂਦੇ ਹਨ। ਉਨ੍ਹਾਂ ਦੀ ਕੁਦਰਤੀ ਇੱਕ ਟਿਊਨ ਜਿਹੀ ਬਣ ਗਈ ਹੈ। ਇਹ ਜਾਪ ਕਰਵਾਉਣਾ ਕਦੋਂ ਸ਼ੁਰੂ ਹੋਇਆ ਸੀ? ਜਦੋਂ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਨੰਦ ਸਿੰਘ ਜੀ ਦਾ ਮੇਲ ਹੋਇਆ ਸੀ। ਦੋਨੇ ਮਹਾਂਪੁਰਸ਼ ਆਪਸ ਵਿੱਚ ਦਰਗਾਹੀ ਗੱਲਾਂ ਕਰਦੇ ਹਨ ਤੇ ਬਾਬਾ ਗੁਰਮੁਖ ਸਿੰਘ ਜੀ ਨੇ ਕਿਹਾ ਬਾਬਾ ਨੰਦ ਸਿੰਘ ਜੀ ਨੂੰ ਕਿ ਬਾਬਾ ਜੀ, ਕਾਰ ਸੇਵਾ ਵਿੱਚ ਮੁਸ਼ਕਲਾਂ ਬੜੀਆਂ ਆਉਂਦੀਆਂ ਹਨ। ਕਦੀ ਪੌੜੀ ਖਿਸਕ ਗਈ। ਕੰਮ ਚਲਦੇ ਵਿੱਚ ਰੁਕਾਵਟ ਆ ਜਾਣਾ ਤੇ ਬਾਬਾ ਨੰਦ ਸਿੰਘ ਜੀ ਵੀ ਮਹਾਂਪੁਰਸ਼ ਤੇ ਉਹ ਵੀ ਮਹਾਂਪੁਰਸ਼ ਤੇ ਜਿਵੇਂ ਮਹਾਂਪੁਰਸ਼ ਆਪਸ ਵਿੱਚ ਸਲਾਹ ਕਰਦੇ ਹਨ ਤੇ ਬਾਬਾ ਨੰਦ ਸਿੰਘ ਜੀ ਕਹਿਣ ਲੱਗੇ, ਤੁਸੀਂ ਸੇਵਾਦਾਰਾਂ ਨੂੰ ਅੱਧਾ-ਪੌਣਾ ਘੰਟਾ ਸੇਵਾ ਦੇ ਨਾਲ-ਨਾਲ ਸਵੇਰੇ ਨਾਮ ਵੀ ਜਪਾਇਆ ਕਰੋ। ਉਸ ਤੋਂ ਬਾਅਦ ਇਹ ਸ਼ੁਰੂ ਹੋਇਆ :

*ਸਤਿਨਾਮੁ ਵਾਹਿਗੁਰੂ ॥ ਸਤਿਨਾਮੁ ਵਾਹਿਗੁਰੂ ॥*

ਇਹ ਇੱਕ ਟਿਊਨ ਪੱਕੀ ਬਣ ਗਈ ਹੈ ਲੰਬੀ ਹੇਕ ਲਗਾ ਕੇ ਸਤਿਨਾਮੁ ਵਾਹਿਗੁਰੂ ਬੋਲਣਾ ਤੇ ਕਾਰ ਸੇਵਾ ਵਾਲੇ ਮਹਾਂਪੁਰਸ਼ ਇਹ ਰੋਜ਼ਾਨਾ ਜਪਾਉਂਦੇ ਹਨ, ਦੀਵਾਨ ਵਿੱਚ ਵੀ। ਦੋ ਚਾਰ ਮਿੰਟ ਵੀ ਹਾਜ਼ਰੀ ਭਰਨ ਤੇ ਇਹ ਸਤਿਨਾਮੁ ਵਾਹਿਗੁਰੂ ਜਪਾਇਆ ਜਾਂਦਾ ਹੈ। ਹੁਣ ਜਦੋਂ ਦਰਬਾਰ ਸਾਹਿਬ ਸਵੇਰੇ ਮਹਾਰਾਜ ਜੀ ਦਾ ਸਰੂਪ ਆਉਂਦਾ ਹੈ, ਉਹ ਅਲੱਗ ਟਿਊਨ ਹੈ :

*ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀ ॥*

ਇਹ ਕੁਦਰਤੀ ਗੱਲ ਇਧਰ ਚੱਲ ਪਈ ਹੈ। ਇਹ ਮਹਾਂਪੁਰਸ਼ ਕਾਰ ਸੇਵਾ ਵਾਲੇ ਫਿਰ ਇੰਝ ਜਪਾਉਂਦੇ ਹਨ, ਜਿੱਥੇ ਵੀ ਜਾਣ। ਬਾਬਾ ਗੁਰਮੁਖ ਸਿੰਘ ਜੀ ਨੇ ਦੋ-ਤਿੰਨ ਮਿੰਟ ਜਾਪ ਕਰਵਾਇਆ ਜਾਂ ਪੰਜ ਮਿੰਟ ਜਾਪ ਕਰਵਾਇਆ। ਜਦੋਂ ਜਾਪ ਕਰਵਾਇਆ, ਸਮਾਪਤੀ ਹੋਈ। ਮਹਾਂਪੁਰਸ਼ ਬਾਹਰ ਗਏ, ਬਾਬਾ ਗੁਰਮੁਖ ਸਿੰਘ ਜੀ। ਇੱਕ ਬੀਬੀ ਬਾਬਾ ਗੁਰਮੁਖ ਸਿੰਘ ਜੀ ਨੂੰ ਕਹਿਣ ਲੱਗੀ, ਮਹਾਂਪੁਰਸ਼ੋ, ਘਰ ਚਰਨ ਪਾਓ। ਬੜੇ ਦਿਆਲੂ ਸੀ। ਸਮਾਂ ਦੇ ਦਿੱਤਾ, ਕੱਲ੍ਹ ਆਵਾਂਗੇ ਜਾਂ ਪਰਸੋਂ ਆਵਾਂਗੇ ਤੇ ਬਾਬਾ ਗੁਰਮੁਖ ਸਿੰਘ ਜੀ ਉਨ੍ਹਾਂ ਘਰ ਗਏ, ਜਿੰਨੇ ਵਜੇ ਦਾ ਸਮਾਂ ਸੀ। ਜਦੋਂ ਆ ਗਏ, ਉਨ੍ਹਾਂ ਦੇ ਗ੍ਰਹਿ ਵਿਖੇ ਤੇ ਉਨ੍ਹਾਂ ਨੇ ਜੋ ਪਰਸ਼ਾਦਾ ਪਾਣੀ ਤਿਆਰ ਕੀਤਾ ਸੀ, ਉਹ ਛਕਾਇਆ, ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੂੰ। ਛੱਕਣ ਤੋਂ ਬਾਅਦ ਹੱਥ ਸੁੱਚੇ ਕੀਤੇ। ਹੱਥ ਸੁੱਚੇ ਕਰਨ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਜੀ ਨੇ ਜੋ ਚਾਰ ਪੰਜ ਸਾਥੀ ਨਾਲ ਆਏ ਸਨ ਤੇ ਉਨ੍ਹਾਂ ਨਾਲ ਰਲ ਕੇ ਇੱਕ ਪਾਠ ਜਪੁਜੀ ਸਾਹਿਬ ਦੀ ਪਰਿਵਾਰ ਸਮੇਤ ਹਾਜ਼ਰੀ ਲਗਾਈ। ਇੱਕ ਪਾਠ ਜਪੁਜੀ ਸਾਹਿਬ ਬੜੇ ਪਿਆਰ ਨਾਲ, ਰਸ ਨਾਲ ਕੀਤਾ। ਬਾਬਾ ਗੁਰਮੁਖ ਸਿੰਘ ਜੀ ਬੜੇ ਸਹਿਜ ਸੁਭਾਅ ਦੇ ਮਾਲਕ ਸੀ। ਦਾਸ ਦੀ ਬੇਨਤੀ ਹੈ ਕਿ ਭੋਲਿਆਂ ਨੂੰ ਰੱਬ ਮਿਲਦਾ ਹੈ, ਬਹੁਤੇ ਸਿਆਣੇ ਕਦੀ ਨਾ ਬਣਨਾ। ਦਾਸ ਸੱਚ ਕਹਿੰਦਾ

ਜੇ। ਜਦੋਂ ਬੰਦੇ ਨੂੰ ਮਾਰਦੀ ਹੈ, ਸਿਆਣਪ ਮਾਰਦੀ ਹੈ। ਉਸ ਦੇ ਸਾਹਮਣੇ ਭੋਲੇ ਬਣ ਜਾਇਆ ਕਰੋ। ਸੰਗਤ ਵਿੱਚ ਜੋ ਵਰਤੇ, ਇਸ ਨੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਵਰਤਾਰਾ ਸਮਝਿਆ ਕਰੋ। ਦਾਸ ਕੀ ਦੱਸੇ, ਇਸ ਦਾ ਸੁਆਦ। ਕਈ ਵਾਰੀ ਭੋਲੇ ਭਾਅ ਵਾਲੇ ਨੂੰ ਅਸੀਂ ਸਮਝਦੇ ਹਾਂ ਕਿ ਇਹ ਬੰਦਾ ਐਵੇਂ ਹੀ ਹੈ ਤੇ ਉਹ ਭੋਲੇ ਸੁਭਾਅ ਵਾਲਾ ਰੱਬ ਨੂੰ ਪਹਿਲਾਂ ਪਾ ਲੈਂਦਾ ਹੈ। ਬਾਬਾ ਗੁਰਮੁਖ ਸਿੰਘ ਜੀ ਅੰਦਰ ਕੋਈ ਵਲ ਫਰੇਬ ਨਹੀਂ, ਨਿਰਮਲ ਜੀਵਨ।

*ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥*
*ਸੋ ਭਾਈ ਮੇਰੈ ਮਨਿ ਭਾਵੈ ॥*

*(ਅੰਗ ੩੨੮)*

ਜਪੁਜੀ ਸਾਹਿਬ ਜੀ ਦਾ ਪਾਠ ਕੀਤਾ, ਬੜੇ ਪਿਆਰ ਨਾਲ। ਭੋਲੇ ਭਾਅ ਬੀਬੀ ਨੂੰ ਕਹਿੰਦੇ ਹਨ, ਬੀਬਾ, ਕੀ ਅਰਦਾਸ ਕਰਨੀ ਹੈ? ਮਹਾਂਪੁਰਸ਼ ਆਪ ਪੁੱਛਦੇ ਹਨ ਕਿ ਕੀ ਅਰਦਾਸ ਕਰਨੀ ਹੈ। ਕਈ ਕਹਿੰਦੇ, ਕਾਰੋਬਾਰ ਚੜ੍ਹਦੀਕਲਾ ਵਿੱਚ ਹੋਵੇ ਜਾਂ ਪਰਿਵਾਰ ਚੜ੍ਹਦੀਕਲਾ ਵਿੱਚ ਹੋਵੇ। ਜਦੋਂ ਬਾਬਾ ਗੁਰਮੁਖ ਸਿੰਘ ਜੀ ਨੇ ਬੀਬੀ ਨੂੰ ਕਿਹਾ ਕਿ ਕੀ ਅਰਦਾਸ ਕਰਨੀ ਹੈ ਤੇ ਉਸ ਬੀਬੀ ਨੇ ਕੀ ਕੀਤਾ? ਬੀਬੀ ਨੇ ਕਿਹਾ ਕਿ ਬਾਬਾ ਜੀ, ਕਾਪੀ ਲੈ ਲਓ ਤੇ ਪੈਨ ਲੈ ਲਓ ਤੇ ਅਰਦਾਸਾਂ ਕਾਫੀ ਹਨ, ਲਿਖ ਲਓ। ਕਾਫੀ ਲੰਬੀ ਲਾਈਨ ਹੈ। ਬਾਬਾ ਗੁਰਮੁਖ ਸਿੰਘ ਜੀ ਨੇ ਕਾਪੀ ਪੈਨ ਫੜ ਲਿਆ ਤੇ ਕਿਹਾ ਕਿ ਬੀਬਾ ਦੱਸ, ਕੀ ਅਰਦਾਸ ਕਰਨੀ ਹੈ? ਕਹਿਣ ਲੱਗੀ, ਪਹਿਲੀ ਅਰਦਾਸ ਲਿਖੋ, ਮੈਂ ਸੱਸ-ਸਹੁਰੇ ਤੋਂ ਬਹੁਤ ਦੁਖੀ ਹਾਂ। ਧਿਆਨ ਦੇਣਾ। ਮੈਂ ਸੱਸ-ਸਹੁਰੇ ਤੋਂ ਦੁਖੀ ਹਾਂ। ਦਾਸ ਕੋਲੋਂ ਨਹੀਂ ਕਹਿ ਰਿਹਾ। ਯੂ ਟਿਊਬ ਤੇ ਮਹਾਂਪੁਰਸ਼ਾਂ ਦਾ ਬਚਨ ਪਿਆ ਹੈ, ਸੁਣ ਸਕਦੇ ਹੋ। ਪਹਿਲੀ ਅਰਦਾਸ ਲਿਖ ਲਓ, ਮੈਂ ਸੱਸ-ਸਹੁਰੇ ਤੋਂ ਬਹੁਤ ਦੁਖੀ ਹਾਂ। ਮਹਾਂਪੁਰਸ਼ਾਂ ਨੇ ਲਿਖ ਲਈ। ਬੱਚੀਏ, ਹੋਰ? ਕਹਿੰਦੀ ਹੈ, ਮੇਰਾ ਘਰ ਵਾਲਾ ਸ਼ਰਾਬ ਬੜੀ ਪੀਂਦਾ ਹੈ, ਮੈਂ ਉਸ ਤੋਂ ਵੀ ਬੜੀ ਦੁਖੀ ਹਾਂ। ਮਹਾਂਪੁਰਸ਼ ਹੈਰਾਨ ਵੀ ਹੋਈ ਜਾਣ ਕਿ ਮੈਂ ਕਹਿ ਕੇ ਭੁੱਲਾ, ਅਰਦਾਸ ਕੀ ਕਰਨੀ ਹੈ। ਚਲੋ ਉਹ ਵੀ ਲਿਖ ਲਈ ਕਿ ਘਰਵਾਲਾ ਸ਼ਰਾਬ ਬਹੁਤ ਪੀਂਦਾ ਹੈ। ਬੱਚੀਏ, ਹੋਰ? ਤੀਜੀ ਅਰਦਾਸ ਲਿਖ ਲਓ, ਦੋ ਪੁੱਤਰ ਹਨ, ਉਹ ਵੀ ਕਹਿਣੇ ਵਿੱਚ ਨਹੀਂ, ਉਨ੍ਹਾਂ ਤੋਂ ਵੀ ਦੁਖੀ ਹਾਂ। ਬੀਬਾ ਹੋਰ? ਕਹਿਣ ਲੱਗੀ, ਚੌਥੀ ਅਰਦਾਸ ਲਿਖ ਲਓ, ਇੱਕ ਧੀ ਹੈ, ਉਸ ਦੇ ਚੰਗੇ ਨੰਬਰ ਆ ਜਾਣ ਤੇ ਸੋਹਣੀ ਡਿਗਰੀ ਉਸ ਨੂੰ ਮਿਲ ਜਾਵੇ। ਇਹ ਵੀ ਲਿਖ ਲਓ। ਉਨ੍ਹਾਂ ਨੇ ਉਹ ਵੀ ਲਿਖ ਲਿਆ। ਬੇਟਾ ਹੋਰ? ਕਹਿਣ ਲੱਗੀ, ਪੰਜਵੀਂ ਅਰਦਾਸ ਹੈ, ਮੇਰੀ ਸਿਹਤ ਵੀ ਠੀਕ ਨਹੀਂ ਰਹਿੰਦੀ। ਇਹ ਯੂ ਟਿਊਬ ਤੇ ਵੇਰਵਾ ਪਿਆ ਹੈ, ਪੜ੍ਹ ਸੁਣ ਸਕਦੇ ਹੋ। ਇਹ ਨਹੀਂ ਕਿ ਦਾਸ ਆਪਣੇ ਕੋਲੋਂ ਕਹਿ ਰਿਹਾ ਹੈ। ਬੇਟਾ ਹੋਰ? ਕਹਿਣ ਲੱਗੀ, ਛੇਵੀਂ ਅਰਦਾਸ ਹੈ, ਮੈਂ ਗੁਆਂਢੀਆਂ ਤੋਂ ਵੀ ਬੜੀ ਦੁਖੀ ਹਾਂ। ਰਹਿ ਹੀ ਕੋਈ ਨਹੀਂ ਗਿਆ। ਅਸੀਂ ਚੰਗੇ ਹਾਂ, ਬਾਕੀ ਸਾਰੇ ਮਾੜੇ ਹੋ ਗਏ। ਜਿਸ ਦਿਨ ਇਹ ਟੋਆ ਟੱਪ ਗਏ, ਜ਼ਿੰਦਗੀ ਦਾ ਅਨੰਦ ਹੀ ਕੁਝ ਹੋਰ ਹੋਵੇਗਾ।

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*

*(ਅੰਗ ੧੩੬੪)*

ਜਿਸ ਦਿਨ ਇਹ ਗੁਰਬਾਣੀ ਦਾ ਬਚਨ ਜੀਵਨ ਵਿੱਚ ਆ ਜਾਵੇਗਾ, ਫਿਰ ਗੁਆਂਢੀ ਵੀ ਚੰਗੇ, ਮਾਂ ਪਿਓ ਵੀ ਚੰਗੇ, ਸੱਸ ਵੀ ਚੰਗੀ, ਮੈਂ ਹੀ ਭੈੜੀ ਹਾਂ। ਮੇਰਾ ਹੀ ਕੋਈ ਕਰਮ ਹੈ। ਕਹਿਣ ਲੱਗੀ, ਮੈਂ ਆਂਢੀ-ਗੁਆਂਢੀਆਂ ਤੋਂ ਵੀ ਬੜੀ ਦੁਖੀ ਹਾਂ। ਇਹ ਵੀ ਲਿਖ ਲਓ। ਉਨ੍ਹਾਂ ਨੇ ਪੁੱਛਿਆ, ਬੀਬੀ ਹੋਰ? ਕਹਿਣ ਲੱਗੀ, ਸੱਤਵੀਂ ਅਰਦਾਸ ਵੀ ਲਿਖ ਲਓ, ਮੈਨੂੰ ਇੰਝ ਲੱਗਦਾ ਹੈ ਕਿ ਸਾਡੇ ਘਰ ਕਿਸੇ ਨੇ ਕੁਝ ਕੀਤਾ ਹੋਇਆ ਹੈ। ਸੱਤ ਚੀਜ਼ਾਂ ਬੋਲੀਆਂ। ਸਾਡੇ ਘਰ ਕੋਈ ਜ਼ੋਰ ਪੈਂਦਾ ਹੈ, ਸਾਡੇ ਘਰ ਕਿਸੇ ਨੇ ਕੁਝ ਕੀਤਾ ਹੈ। ਉਹ ਲਿਖ ਲਿਆ ਮਹਾਂਪੁਰਸ਼ਾਂ ਨੇ। ਉਹ ਸਮਝਦੀ ਪਈ ਹੈ ਕਿ ਮਹਾਂਪੁਰਸ਼ ਹੁਣ ਕੁਝ ਅਰਦਾਸ ਕਰਨ ਲੱਗੇ ਹਨ। ਸਾਰਾ ਕੁਝ ਲਿਖ ਕੇ ਬਾਬਾ ਗੁਰਮੁਖ ਸਿੰਘ ਜੀ ਕੀ ਕਹਿੰਦੇ ਹਨ? ਕਹਿਣ ਲੱਗੇ,

ਬੱਚੀਏ ਜੋ ਤੂੰ ਲਿਖਾਇਆ ਹੈ, ਮੈਂ ਲਿਖ ਲਿਆ ਹੈ। ਸਤਿ ਬਚਨ, ਬਾਬਾ ਜੀ। ਬਾਬਾ ਗੁਰਮੁਖ ਸਿੰਘ ਜੀ ਕਹਿੰਦੇ, ਬੱਚੀਏ, ਕਾਪੀ ਪੈਨ ਤੂੰ ਲੈ ਲੈ ਤੇ ਹੁਣ ਜੋ ਮੈਂ ਲਿਖਾਉਂਦਾ ਹਾਂ, ਉਹ ਤੂੰ ਲਿਖ ਲੈ। ਜਦੋਂ ਉਸ ਨੇ ਕਾਪੀ ਪੈਨ ਫੜ ਲਿਆ ਤੇ ਬਾਬਾ ਗੁਰਮੁਖ ਸਿੰਘ ਜੀ ਨੇ ਕੀ ਲਿਖਾਇਆ, ਇਹ ਸੁਣਨਾ ਜੀ, ਜੋ ਧੰਨ ਗੁਰੂ ਨਾਨਕ ਮਹਾਰਾਜ ਜੀ ਧੁਰ ਦਰਗਾਹ ਤੋਂ ਲੈ ਕੇ ਆਏ ਹਨ :

*ੴ ਸਤਿ ਨਾਮੁ ਕਰਤਾ ਪੁਰਖੁ*
*ਨਿਰਭਉ ਨਿਰਵੈਰੁ ਅਕਾਲ ਮੂਰਤਿ*
*ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਕਹਿਣ ਲੱਗੀ, ਮਹਾਂਪੁਰਸ਼ੋ, ਲਿਖ ਲਿਆ ਹੈ। ਇਹ ਤੁਹਾਡੇ ਧਿਆਨ ਦੇਣ ਵਾਲਾ ਬਚਨ ਹੈ, ਇਸ ਨੂੰ ਲਿਆਓ ਘਰਾਂ ਵਿੱਚ। ਤਿੰਨ ਉਂਗਲਾਂ ਉੱਤੇ ਕੀਤੀਆਂ, ਬਾਬਾ ਗੁਰਮੁਖ ਸਿੰਘ ਜੀ ਨੇ। ਬਾਬਾ ਜੀ ਕਹਿਣ ਲੱਗੇ, ਤਿੰਨ ਆਪਸ਼ਨਾਂ ਹਨ। ਬਾਬਾ ਜੀ ਕਹਿੰਦੇ, ਬੀਬੀ, ਇਸ ਦਾ ਸਵਾ ਲੱਖ ਜਾਪ ਕਰਨਾ ਹੈ। ਭਾਵੇਂ ਚਾਲੀ ਦਿਨ ਵਿੱਚ ਕਰ ਲੈ, ਭਾਵੇਂ ਪੰਜਾਹ ਦਿਨ ਵਿੱਚ ਕਰ ਲੈ, ਭਾਵੇਂ ਸੱਠ ਦਿਨ ਵਿੱਚ ਕਰ ਲੈ। ਆਪਣਾ ਅਭਿਆਸ ਵੇਖ ਲੈ। ਕਈਆਂ ਦਾ ਅਭਿਆਸ ਹੁੰਦਾ ਹੈ, ਚਾਲੀ ਦਿਨ ਵਿੱਚ ਹੀ ਕਰ ਲੈਂਦੇ ਹਨ। ਕਈ ਪੰਜਾਹ ਦਿਨ ਵਿੱਚ ਕਰਦੇ ਹਨ। ਅਭਿਆਸ ਹੈ। ਮਰਜ਼ੀ ਹੈ, ਚਾਲੀ ਦਿਨ ਵਿੱਚ ਕਰ ਲੈ, ਪੰਜਾਹ ਦਿਨ ਵਿੱਚ ਕਰ ਲੈ, ਸੱਠ ਦਿਨ ਵਿੱਚ ਕਰ ਲੈ। ਸਵਾ ਲੱਖ ਜਾਪ ਕਰਨਾ ਹੈ। ਤੇਰੀ ਲਿਸਟ ਬੜੀ ਲੰਬੀ ਹੈ। ਸਵਾ ਲੱਖ ਜਾਪ ਦੀ ਹਾਜ਼ਰੀ ਲਗਾ ਲੈ, ਫਿਰ ਧੰਨ ਗੁਰੂ ਨਾਨਕ ਮਹਾਰਾਜ ਜੀ ਕੋਲੋਂ ਜੋ ਮਰਜ਼ੀ ਮੰਗ ਲਈਂ। ਸੰਗਤ ਜੀ, ਧਿਆਨ ਦੇਣਾ। ਬਾਰ੍ਹਾਂ ਸਾਲ ਬਾਅਦ ਲਿਖਿਆ ਹੈ, ਉਸ ਬੀਬੀ ਦਾ ਕੈਨੇਡਾ ਤੋਂ ਬਾਬਾ ਗੁਰਮੁਖ ਸਿੰਘ ਜੀ ਨੂੰ ਫੋਨ ਆਇਆ। ਬਾਬਾ ਜੀ ਤਾਂ ਮਹੀਨੇ ਬਾਅਦ ਵਾਪਸ ਆ ਗਏ ਸੀ। ਬਾਰ੍ਹਾਂ ਸਾਲ ਬਾਅਦ ਫੋਨ ਆਇਆ, ਉਦੋਂ ਮੋਬਾਇਲ ਨਹੀਂ ਸੀ ਹੁੰਦੇ। ਦੂਜੇ ਫੋਨ ਹੁੰਦੇ ਸੀ ਤੇ ਸੇਵਾਦਾਰ ਨੂੰ ਉਸ ਬੀਬੀ ਨੇ ਕਿਹਾ ਕਿ ਮੈਂ ਬਾਬਾ ਗੁਰਮੁਖ ਸਿੰਘ ਜੀ ਨਾਲ ਗੱਲ ਕਰਨੀ ਹੈ। ਗੱਲ ਕਰਵਾਓ। ਉਨ੍ਹਾਂ ਗੱਲ ਕਰਵਾਈ। ਬਾਰ੍ਹਾਂ ਸਾਲ ਬਾਅਦ ਉਹ ਬੀਬੀ ਬਾਬਾ ਗੁਰਮੁਖ ਸਿੰਘ ਜੀ ਨੂੰ ਕੈਨੇਡਾ ਤੋਂ ਕਹਿੰਦੀ ਹੈ, ਬਾਬਾ ਜੀ, ਮੈਨੂੰ ਪਛਾਣਿਆ ਜੇ। ਫਤਹਿ ਬੁਲਾਈ। ਨਮਸਕਾਰ ਕੀਤੀ ਤੇ ਕਹਿਣ ਲੱਗੀ, ਬਾਬਾ ਜੀ ਮੈਨੂੰ ਪਛਾਣਿਆ ਜੇ। ਬਾਬਾ ਗੁਰਮੁਖ ਸਿੰਘ ਜੀ ਕਹਿੰਦੇ, ਨਹੀਂ। ਕਹਿਣ ਲੱਗੀ, ਮੈਂ ਉਹ ਕੈਨੇਡਾ ਵਾਲੀ ਬੀਬੀ ਬੋਲਦੀ ਹਾਂ ਜਿਸ ਨੇ ਤੁਹਾਨੂੰ ਅਰਦਾਸ ਦੀ ਲਿਸਟ ਬੜੀ ਲੰਬੀ ਦਿੱਤੀ ਸੀ। ਬਾਬਾ ਜੀ ਕਹਿੰਦੇ, ਹਾਂ ਹਾਂ, ਤੂੰ ਨਹੀਂ ਸਾਨੂੰ ਭੁੱਲਦੀ। ਕਈ ਬੰਦਿਆਂ ਦੀ ਖਾਸ ਪਛਾਣ ਹੋ ਜਾਂਦੀ ਹੈ। ਕਹਿਣ ਲੱਗੇ, ਤੂੰ ਨਹੀਂ ਸਾਨੂੰ ਭੁੱਲਦੀ। ਤੇਰੀ ਪਛਾਣ ਹੈ ਮੈਨੂੰ। ਲਿਸਟ ਬੜੀ ਲੰਬੀ ਲਿਖਾਈ ਸੀ ਤੂੰ ਤੇ ਬਾਬਾ ਗੁਰਮੁਖ ਸਿੰਘ ਜੀ ਕਹਿੰਦੇ, ਬੱਚੀਏ ਕੀ ਹਾਲ ਹੈ? ਧਿਆਨ ਦੇਣਾ। ਅੱਗੋਂ ਬੀਬੀ ਕਹਿੰਦੀ ਹੈ, ਮਹਾਂਪੁਰਸ਼ੋ, ਉਹ ਜੋ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਖਜ਼ਾਨਾ (ਮੂਲ ਮੰਤਰ ਦਾ ਜਾਪ) ਦੇ ਕੇ ਗਏ ਸੀ, ਸਵਾ ਲੱਖ ਜਾਪ ਚਾਲੀ ਦਿਨਾਂ ਵਿੱਚ ਜਾਂ ਪੰਜਾਹ ਦਿਨਾਂ ਜਾਂ ਸੱਠ ਦਿਨਾਂ ਵਿੱਚ ਕਰਨਾ ਸੀ। ਮਹਾਂਪੁਰਸ਼ੋ, ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਇਹੋ ਜਿਹੀ ਕਿਰਪਾ ਕੀਤੀ ਕਿ ਇੱਕ ਸਵਾ ਲੱਖ ਜਾਪ ਮੁੱਕਣ ਤੋਂ ਬਾਅਦ ਅਗਲਾ ਸ਼ੁਰੂ। ਉਹ ਮੁੱਕਣ ਤੋਂ ਬਾਅਦ ਅਗਲਾ ਸ਼ੁਰੂ। ਬੰਦ ਹੀ ਨਹੀਂ ਕੀਤਾ। ਬਾਬਾ ਜੀ ਪੁੱਛਦੇ ਹਨ, ਅਰਦਾਸਾਂ ਦਾ ਕੀ ਬਣਿਆ? ਉਹ ਅੱਗੋਂ ਫੋਨ ਤੇ ਕਹਿੰਦੀ ਹੈ, ਮਹਾਂਪੁਰਸ਼ੋ, ਇੰਨੀ ਕਿਰਪਾ ਹੋ ਗਈ ਹੈ, ਜਾਪ ਨਾਲ। ਦੁੱਖ ਰਿਹਾ ਹੀ ਕੋਈ ਨਹੀਂ। ਇਹ ਹਕੀਕਤ ਹੈ। ਮਹਾਂਪੁਰਸ਼ੋ, ਦੁੱਖ ਰਿਹਾ ਹੀ ਕੋਈ ਨਹੀਂ, ਭੁੱਖ ਰਹੀ ਹੀ ਕੋਈ ਨਹੀਂ। ਹੁਣ ਸਾਰੇ ਹੀ ਚੰਗੇ ਲੱਗਦੇ ਹਨ। ਸਾਰੇ ਪਾਸੇ ਕਿਰਪਾ ਹੈ। ਜ਼ਿਕਰ ਲਿਖਿਆ ਹੈ, ਉਸ ਬੀਬੀ ਨੇ ਇੱਥੋਂ ਤੱਕ ਕਿਹਾ ਕਿ

ਮਹਾਂਪੁਰਸ਼ੋ, ਮੇਰੀਆਂ ਭੁੱਖਾਂ ਮਰ ਗਈਆਂ ਹਨ, ਸੰਤੁਸ਼ਟ ਹਾਂ। ਕੋਈ ਚਿੰਤਾ, ਦੁੱਖ ਰਿਹਾ ਹੀ ਕੋਈ ਨਹੀਂ। ਬੀਬੀ ਨੇ ਫੋਨ ਤੇ ਇੱਥੋਂ ਤੱਕ ਕਿਹਾ, ਬਾਬਾ ਗੁਰਮੁਖ ਸਿੰਘ ਜੀ, ਕੋਈ ਆਂਢ-ਗੁਆਂਢ ਵਿੱਚੋਂ, ਰਿਸ਼ਤੇਦਾਰ ਵਿੱਚੋਂ ਕੋਈ ਬੀਬੀ ਆ ਕੇ ਕਹੇ ਕਿ ਮੈਂ ਦੁਖੀ ਹਾਂ, ਜਦੋਂ ਮੈਂ ਉਸ ਨੂੰ ਇਹ ਜਾਪ ਲਿਖਾਉਂਦੀ ਹਾਂ ਕਿ ਮੈਂ ਵੀ ਕੀਤਾ ਹੈ, ਤੂੰ ਵੀ ਕਰ। ਜਿਸ ਨੂੰ ਕਹਿੰਦੀ ਹਾਂ ਕਿ ਕਰ ਤੇ ਉਸ ਦੇ ਵੀ ਦੁਖ ਚਲੇ ਜਾਂਦੇ ਹਨ। ਮਹਾਰਾਜ ਜੀ ਜਦੋਂ ਬੈਟਰੀ ਚਾਰਜ ਕਰਦੇ ਹਨ ਤੇ ਦੂਜੇ ਨੂੰ ਜੋੜਨ ਵਾਲਾ ਬਣਾ ਦਿੰਦੇ ਹਨ। ਸਿਰਫ ਇਸ਼ਾਰਾ ਲੈਣਾ।

ਇਸ ਅੰਕ ਵਿੱਚ ਪੰਜਵਾਂ ਭਾਗ, ਧੰਨ ਧੰਨ ਬੇਬੇ ਨਾਨਕੀ ਜੀ, ਤੁਸੀਂ ਦੱਸੋ, ਸਾਰੇ ਕਹਿੰਦੇ ਕਿ ਗੁਰੂ ਨਾਨਕ ਮਹਾਰਾਜ ਜੀ ਡੁੱਬ ਗਏ ਹਨ, ਜਦੋਂ ਵੇਈਂ ਨਦੀ ਵਿੱਚ ਚੁੱਭੀ ਮਾਰੀ ਪਰ ਬੇਬੇ ਨਾਨਕੀ ਜੀ ਕੀ ਕਹਿੰਦੇ ਹਨ, ਨਾ ਭਾਈ, ਜਿਹੜਾ ਡੁੱਬਿਆਂ ਨੂੰ ਤਾਰਨ ਵਾਲਾ ਹੈ, ਉਹ ਡੁੱਬ ਨਹੀਂ ਸਕਦਾ। ਹੁਣ ਤੁਸੀਂ ਸੰਗਤ ਫੈਸਲਾ ਦਿਓ ਕਿ ਵਾਕਿਆ ਹੀ ਗੁਰੂ ਨਾਨਕ ਮਹਾਰਾਜ ਜੀ ਨੇ ਵੇਈਂ ਨਦੀ ਵਿੱਚ ਚੁੱਭੀ ਮਾਰੀ ਹੈ ਤੇ ਸਾਨੂੰ ਡੁੱਬਿਆਂ ਨੂੰ ਤਾਰਨ ਲਈ ਗੁਰੂ ਨਾਨਕ ਮਹਾਰਾਜ ਜੀ ਨੇ ਦਰਗਾਹ ਵਿੱਚੋਂ ਬਾਣੀ ਲਿਆ ਕੇ ਦਿੱਤੀ ਤੇ ਬੇਬੇ ਨਾਨਕੀ ਜੀ ਦੀ ਪਛਾਣ ਕਿ ਉਹ ਡੁੱਬਿਆਂ ਨੂੰ ਤਾਰਨ ਵਾਲੇ ਹਨ। ਸਾਨੂੰ ਤਾਰਨ ਵਾਸਤੇ ਹੀ ਕੁਝ ਲੈਣ ਗਏ ਹੋਣੇ ਹਨ। ਸਾਰੇ ਕਹਿੰਦੇ ਸੀ, ਵੇਈ ਨਦੀ ਵਿੱਚ ਬਾਬਾ ਨਾਨਕ ਜੀ ਡੁੱਬ ਗਏ। ਇੱਕ ਬੇਬੇ ਨਾਨਕੀ ਜੀ ਦੀ ਭਾਵਨਾ ਸੀ, ਜਿਹੜਾ ਦੁਨੀਆਂ ਨੂੰ ਤਾਰਨ ਵਾਲਾ ਹੈ, ਉਹ ਡੁੱਬ ਨਹੀਂ ਸਕਦਾ।

*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥*

*(ਅੰਗ ੧੩੦੧)*

ਧੰਨ ਗੁਰੂ ਨਾਨਕ ਮਹਾਰਾਜ ਜੀ ਫਿਰ ਦਰਗਾਹ ਵਿੱਚੋਂ ਕੀ ਲੈ ਕੇ ਆਏ :

*ੴ ਸਤਿ ਨਾਮੁ ਕਰਤਾ ਪੁਰਖੁ*
*ਨਿਰਭਉ ਨਿਰਵੈਰੁ ਅਕਾਲ ਮੂਰਤਿ*
*ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਹੁਣ ਥੋੜ੍ਹਾ ਜਿਹਾ ਦਰਸ਼ਨ ਕਰੋ, ਉਸ ਸਮੇਂ ਦੇ ਜਦੋਂ ਸੁਲਤਾਨਪੁਰ ਤੋਂ ਮਹਾਰਾਜ ਜੀ ਉਦਾਸੀ ਲਈ ਚਲੇ, ਦਾਸ ਨੂੰ ਪੜ੍ਹ ਕੇ ਬੜਾ ਅਨੰਦ ਆਇਆ, ਹਰ ਕਿਸੇ ਨੂੰ ਜਵਾਬ ਅਲੱਗ-ਅਲੱਗ ਦਿੱਤਾ, ਉਸ ਦੀ ਭਾਵਨਾ ਮੁਤਾਬਿਕ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਜਵਾਬ ਦੇ ਦਰਸ਼ਨ ਕਰਨਾ ਜੀ। ਜਦੋਂ ਮਹਾਰਾਜ ਜੀ ਸੁਲਤਾਨਪੁਰ ਲੋਧੀ ਤੋਂ ਉਦਾਸੀ ਲਈ ਚੱਲੇ, ਮਾਤਾ-ਪਿਤਾ ਜੀ ਕਹਿੰਦੇ ਨਾ ਜਾਓ, ਪੁੱਤਰ ਜੀ। ਇੱਥੇ ਰਹੋ ਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਕੀ ਜਵਾਬ ਦਿੰਦੇ ਹਨ, ਮਾਤਾ-ਪਿਤਾ ਜੀ ਨੂੰ। ਕੀ ਕਹਿੰਦੇ ਹੋ? ਨਾ ਜਾਓ, ਇੱਥੇ ਰਹੋ। ਧੰਨ ਗੁਰੂ ਨਾਨਕ ਮਹਾਰਾਜ ਜੀ ਅੱਗੋਂ ਕਹਿੰਦੇ ਹਨ, ਮਾਤਾ-ਪਿਤਾ ਜੀ ਨੂੰ। ਕਹਿੰਦੇ, ਜਿਸ ਅਕਾਲ ਪੁਰਖ ਦੇ ਤੁਸੀਂ ਧੀ-ਪੁੱਤਰ ਹੋ, ਮੈਨੂੰ ਹੁਕਮ ਹੋ ਰਿਹਾ ਹੈ, ਉਸ ਦੇ ਪਿਆਰ ਦਾ ਢੰਡੋਰਾ ਸਾਰੀਆਂ ਜਗ੍ਹਾ ਤੇ ਜਾ ਕੇ ਦੇਵਾਂ। ਵੇਖੋ, ਕੈਸਾ ਜਵਾਬ ਹੈ। ਇਨ੍ਹਾਂ ਚੀਜ਼ਾਂ ਵਿੱਚੋਂ ਕੁਝ ਮਿਲਦਾ ਹੈ। ਮਾਤਾ-ਪਿਤਾ ਜੀ ਨੂੰ ਜਵਾਬ ਦੇਣ ਵਿੱਚ ਕੋਈ ਕਠੋਰਤਾ ਨਹੀਂ। ਹੁਣ ਬਾਬਾ ਜੀ ਦੇ ਸੁਪਤਨੀ ਅੱਗੇ ਆ ਗਏ, ਉਨ੍ਹਾਂ ਨੂੰ ਕੀ ਜਵਾਬ ਦਿੱਤਾ? ਇਹ ਗ੍ਰਿਹਸਥੀ ਦੀਆਂ ਗੱਲਾਂ ਹਨ, ਵਿੱਚੋਂ ਕੁਝ ਮਿਲਦਾ ਹੈ। ਸਾਡੇ ਮਾਤਾ ਸੁਲੱਖਣੀ ਜੀ। ਹੁਣ ਉਨ੍ਹਾਂ ਨੇ ਕਿਹਾ, ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਤੁਸੀਂ ਨਾ ਜਾਓ। ਮੈਂ ਬੇਨਤੀ ਕਰਦੀ ਹਾਂ, ਨਾ ਜਾਓ। ਦਾਸ ਨੂੰ ਇਹ ਲਫਜ਼ ਬੜੇ ਪਿਆਰੇ ਲੱਗੇ ਹਨ, ਤੁਸੀਂ ਵੇਖ ਲਓ। ਧੰਨ ਗੁਰੂ ਨਾਨਕ ਮਹਾਰਾਜ ਆਪਣੀ ਪਤਨੀ ਨੂੰ ਕੀ ਕਹਿੰਦੇ ਹਨ, ਚਿੰਤਾ ਨਾ ਕਰਨਾ। ਨਿਰੰਕਾਰ ਤੁਹਾਡੀ ਪ੍ਰਤਿਪਾਲਣਾ ਕਰੇਗਾ। ਤੁਹਾਨੂੰ ਕੋਈ ਕਮੀ ਨਹੀਂ ਆਉਣ ਦੇਵੇਗਾ। ਮੈਂ ਉਸ ਦੀ ਡਿਊਟੀ ਦੇਣ ਚੱਲਿਆ ਹਾਂ। ਹੁਣ ਆ ਗਈ ਭੈਣ ਨਾਨਕੀ, ਬੇਬੇ ਨਾਨਕੀ ਜੀ ਦੀ ਵਾਰੀ। ਇਹ

ਨਹੀਂ ਕਿਹਾ ਕਿ ਨਾ ਜਾਓ ਪਰ ਵੈਰਾਗ ਅੱਖਾਂ ਵਿੱਚ। ਪਿਆਰ ਅੱਖਾਂ ਵਿੱਚ। ਹੁਣ ਤੀਜਾ ਜਵਾਬ, ਪਹਿਲੇ ਦੋਹਾਂ ਤੋਂ ਨਿਰਾਲਾ ਹੈ। ਜੋ ਕਿਸੇ ਦੀ ਅਵਸਥਾ ਹੈ, ਉਸ ਮੁਤਾਬਿਕ ਕਿਰਪਾ ਹੋ ਰਹੀ ਹੈ। ਉਨ੍ਹਾਂ ਦੇ ਵੈਰਾਗ ਦੇ ਅੱਥਰੂ, ਪਿਆਰ ਦੇ ਅੱਥਰੂ ਵੇਖ ਕੇ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਇਹ ਸਤਿਸੰਗ ਦੇ ਮੰਡਲ ਦਾ ਵੈਰਾਗ ਹੈ। ਬੇਬੇ ਨਾਨਕੀ ਜੀ ਨੂੰ ਕਿੰਨਾ ਨਿਰਾਲਾ ਜਵਾਬ ਦਿੱਤਾ। ਵੈਰਾਗ ਕਰ ਰਹੇ ਹੋ। ਮੁੱਖ ਵਿੱਚੋਂ ਨਹੀਂ ਬੋਲ ਰਹੇ ਪਰ ਅੱਖਾਂ ਨਜ਼ਰ ਆ ਰਹੀਆਂ ਹਨ। ਜਾਣ ਦਾ ਵੈਰਾਗ ਕਰ ਰਹੇ ਹੋ। ਗੁਰੂ ਨਾਨਕ ਮਹਾਰਾਜ ਜੀ ਨੇ ਕੀ ਜਵਾਬ ਦਿੱਤੇ। ਕਹਿੰਦੇ, ਬੇਬੇ ਜੀ, ਬਚਨ ਕਰਦੇ ਹਾਂ, ਜਦੋਂ ਯਾਦ ਕਰੋਗੇ, ਹਾਜ਼ਰ ਹੋ ਜਾਇਆ ਕਰਾਂਗੇ। ਇਨ੍ਹਾਂ ਨੂੰ ਉਸ ਮੁਤਾਬਿਕ ਜਵਾਬ। ਤੁਹਾਡੇ ਨਾਲ ਬਚਨ ਕਰਦੇ ਹਾਂ, ਜਦੋਂ ਯਾਦ ਕਰਿਆ ਕਰੋਗੇ, ਹਾਜ਼ਰ ਹੋਇਆ ਕਰਾਂਗੇ। ਇਹ ਧੰਨ ਗੁਰੂ ਨਾਨਕ ਮਹਾਰਾਜ ਦੀਆਂ ਪਿਆਰ ਭਰੀਆਂ ਰਮਜ਼ਾਂ ਪੜ੍ਹ ਕੇ ਗ੍ਰਿਹਸਥੀ ਵਿੱਚ ਚੱਲਣ ਦੀ ਜਾਚ ਆ ਜਾਂਦੀ ਹੈ। ਕਿਸ ਨੂੰ ਕਿਵੇਂ ਮੌਕੇ ਮੁਤਾਬਿਕ ਸੰਭਾਲਣਾ ਹੈ।

*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥*

*(ਅੰਗ ੮੦੩)*

ਰੁਹੇਲਾਖੰਡ ਇਲਾਕੇ ਦਾ ਨਾਂ ਆਇਆ ਹੈ। ਉੱਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ ਹਨ, ਮਰਦਾਨਿਆ, ਕੋਈ ਅਵਾਜ਼ ਆ ਰਹੀ ਹੈ। ਭਾਈ ਮਰਦਾਨਾ ਜੀ ਕਹਿਣ ਲੱਗੇ, ਮੈਨੂੰ ਨਹੀਂ ਸੁਣ ਰਹੀ। ਗੁਰੂ ਨਾਨਕ ਮਹਾਰਾਜ ਜੀ ਨੇ ਸਿਰ ਤੇ ਹੱਥ ਰੱਖਿਆ, ਤੇ ਜਦੋਂ ਹੱਥ ਰੱਖਿਆ ਸਿਰ 'ਤੇ ਤੇ ਅਵਾਜ਼ ਕੀ ਆ ਰਹੀ ਸੀ, ਬੇਬੇ ਨਾਨਕੀ ਜੀ ਦੀ :

*ਵੀਰਾ, ਦਰਸ਼ਨ ਦੇਈਂ। ਵੀਰਾ, ਦਰਸ਼ਨ ਦੇਈਂ।*

ਇਹ ਅਵਾਜ਼ ਆ ਰਹੀ ਹੈ। ਗਰੀਬ ਨਿਵਾਜ਼, ਸਤਿਗੁਰੂ ਜੀ ਕੀ ਹੁਕਮ ਹੈ? ਭਾਈ ਮਰਦਾਨਾ ਜੀ ਕਹਿੰਦੇ, ਹੁਣ ਕੀ ਹੁਕਮ ਹੈ? ਤੇ ਗੁਰੂ ਨਾਨਕ ਸਾਹਿਬ ਕਹਿੰਦੇ, ਮਰਦਾਨਿਆ, ਨੇਤਰ ਬੰਦ ਕਰ ਤੇ ਕਹਿ ਦੇ, ਸਤਿ ਕਰਤਾਰ। ਬੇਬੇ ਯਾਦ ਕਰ ਰਹੀ ਹੈ। ਦਿਲ ਕਰਦਾ ਹੈ, ਗਾ ਕੇ ਪੜ੍ਹ ਲਈਏ। ਇਤਿਹਾਸਿਕ ਬਾਤਾਂ।

*ਬੇਬੇ ਜੀ, ਕੀ ਖੁਸ਼ੀ ਕਰੀਜੈ*
*ਮਰਦਾਨਾ ਕੋ ਗਿਰਾ ਇਲਾਹੀ*

ਮਰਦਾਨਾ ਜੀ, ਮੇਰੀ ਭੈਣ ਨੇ ਮੈਨੂੰ ਯਾਦ ਕੀਤਾ ਹੈ।

*ਚੱਲ ਸੁਲਤਾਨਪੁਰੇ ਸੁਧ ਲੀਜੈ।*
*ਬੇਬੇ ਜੀ, ਕੀ ਖੁਸ਼ੀ ਕਰੀਜੈ।*

ਭਾਈ ਮਰਦਾਨਾ ਜੀ ਦੇ ਸਿਰ ਤੇ ਹੱਥ ਰੱਖਿਆ ਤੇ ਆਖਿਆ। ਮਰਦਾਨਿਆ, ਨੇਤਰ ਬੰਦ ਕਰ ਤੇ ਕਹਿ ਦੇ, ਸਤਿ ਕਰਤਾਰ। ਉਨ੍ਹਾਂ ਆਖਿਆ, ਸਤਿ ਕਰਤਾਰ। ਅੱਖਾਂ ਖੋਲ੍ਹੀਆਂ। ਸੁਲਤਾਨਪੁਰ ਲੋਧੀ ਪਰਸ਼ਾਦਾ ਹੱਥ ਵਿੱਚ ਫੜਿਆ ਤੇ ਉੱਤੇ ਮੱਖਣ ਰੱਖਿਆ ਤੇ ਭੈਣ ਉਡੀਕਦੀ ਪਈ ਹੈ, ਤੁਸੀਂ ਕਿਹਾ ਸੀ, ਜਦੋਂ ਯਾਦ ਕਰੋਗੇ, ਆਵਾਂਗੇ। ਭਾਈ ਵੀਰ ਸਿੰਘ ਜੀ ਨੇ ਬੜੇ ਪਿਆਰੇ ਲਫਜ਼ ਲਿਖੇ ਹਨ, ਕੁਝ ਮਿਲਦਾ ਹੈ। ਜਦੋਂ ਇੰਝ ਦਰਸ਼ਨ ਹੋਏ, ਭੈਣ ਨੂੰ ਤੇ ਬੇਬੇ ਨਾਨਕੀ ਜੀ ਗੁਰੂ ਨਾਨਕ ਮਹਾਰਾਜ ਦੇ ਚਰਨਾਂ ਤੇ ਮੱਥਾ ਟੇਕਣ ਲੱਗੇ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਗੁਰੂ ਨਾਨਕ ਮਹਾਰਾਜ ਜੀ ਨੇ ਭੈਣ ਨਾਨਕੀ ਜੀ ਦਾ ਸਿਰ ਮੱਥਾ ਟੇਕਣ ਤੋਂ ਪਹਿਲਾਂ ਹੀ ਸੰਭਾਲ ਲਿਆ। ਤੁਸੀਂ ਵੱਡੀ ਭੈਣ ਹੋ। ਤੁਹਾਨੂੰ ਮੈਂ ਮੱਥਾ ਟੇਕਣਾ ਹੈ। ਤੁਸੀਂ ਨਹੀਂ। ਮੁੱਖ ਵਿੱਚੋਂ ਆਖਿਆ, ਵੱਡੀ ਭੈਣ, ਕਰਤਾਰ, ਕਰਤਾਰ। ਉਹ ਸਾਰਾ ਸਮਾਂ ਪਿਆਰ ਵਿੱਚ ਬਤੀਤ ਹੋਇਆ। ਜਦੋਂ ਅੰਦਰ ਗਏ, ਗੁਰੂ ਨਾਨਕ ਸਾਹਿਬ ਕਹਿੰਦੇ,

*ਧੰਨ ਮੇਰੀ ਭੈਣ ਨਾਨਕੀ।*
*ਧੰਨ ਮੇਰੀ ਭੈਣ ਨਾਨਕੀ।*

—ਬਾਕੀ ਹਿੱਸਾ ਪੰਨਾ 27 'ਤੇ ਪੜ੍ਹੋ ਜੀ

## ਪਹਿਲੇ ਸਿੱਖ ਮਹਾਰਾਜਾ

# ਬਾਬਾ ਬੰਦਾ ਸਿੰਘ ਜੀ ਬਹਾਦਰ

*—ਰਣਜੀਤ ਸਿੰਘ ਰਾਣਾ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਪੰਜਾਬ ਵੱਲ ਤੁਰਨਾ :**

ਬੰਦਾ ਬਹਾਦਰ ਦਾ ਪਹਿਰਾਵਾ ਬਦਲ ਗਿਆ, ਨਾਂ ਬਦਲ ਗਿਆ, ਆਦਤਾਂ ਬਦਲ ਗਈਆਂ, ਨਿਤਨੇਮ ਬਦਲ ਗਿਆ, ਧਰਮ ਬਦਲ ਗਿਆ, ਜੀਵਨ ਜਾਚ ਬਦਲ ਗਈ। ਅੰਮ੍ਰਿਤਧਾਰੀ ਗੁਰਮੁਖਾਂ ਦੇ ਮੁਖਾਰਬਿੰਦ ਤੋਂ ਸਿੱਖ ਗੁਰੂਆਂ ਦੇ ਪਰਉਪਕਾਰੀ ਕਾਰਨਾਮੇ ਸੁਣਦਾ, ਉਹ ਵਿਸਮਾਦ ਦੀ ਅਵਸਥਾ ਵਿੱਚ ਵਿਚਰਨ ਲੱਗਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਾਨ, ਸ੍ਰੀ ਅਨੰਦਪੁਰ ਸਾਹਿਬ ਦੀਆਂ ਜੰਗਾਂ ਦੇ ਬ੍ਰਿਤਾਂਤ, ਚਮਕੌਰ ਦੀਆਂ ਸ਼ਹਾਦਤਾਂ ਅਤੇ ਸਰਹਿੰਦ ਦੇ ਖ਼ੂਨੀ ਸਾਕੇ ਬਾਰੇ ਸੁਣ ਕੇ ਉਸ ਦੀਆਂ ਅੱਖਾਂ ਵਿੱਚ ਅੰਗਾਰੇ ਮੱਚਣ ਲੱਗਦੇ। ਤ੍ਰਿਪ-ਤ੍ਰਿਪ ਕਿਰਦੇ ਹੰਝੂ ਬਥੇਰਾ ਇਨ੍ਹਾਂ ਭਾਂਬੜਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ, ਪਰ ਸਭ ਬੇਕਾਰ। ਜਦੋਂ ਗੁਰਸਿੱਖਾਂ ਦੀ ਉਪਕਾਰੀ ਜੀਵਨ-ਜਾਚ ਨਾਲ ਉਹ ਆਪਣੇ ਬੈਰਾਗੀ ਜੀਵਨ ਦੀ ਤੁਲਨਾ ਕਰ ਕੇ ਦੇਖਦਾ ਤਾਂ ਉਸ ਨੂੰ ਬੀਤੇ ਬਾਰੇ ਸੋਚ ਕੇ ਗਿਲਾਨੀ ਹੋਣ ਲੱਗਦੀ। ਉਹ ਮਨ ਹੀ ਮਨ ਨਿਰਣਾ ਲੈਂਦਾ ਕਿ ਸ਼ਹਾਦਤ ਹੀ ਇੱਕੋ ਇੱਕ ਮਾਰਗ ਹੈ, ਜੋ ਉਸ ਦੀ ਕੀਤੀ-ਬੀਤੀ ਨੂੰ ਪੂਰੀ ਤਰ੍ਹਾਂ ਧੋਣ ਦੇ ਸਮਰੱਥ ਹੈ। ਉਸ ਦਾ ਹੱਥ ਮੁੜ-ਮੁੜ ਕਿਰਪਾਨ ਦੇ ਮੁੱਠੇ 'ਤੇ ਜਾਂਦਾ ਅਤੇ ਉਹ ਵਾਰ-ਵਾਰ ਸਤਿਗੁਰਾਂ ਤੋਂ ਪੰਜਾਬ ਜਾ ਕੇ ਜ਼ਾਲਮਾਂ ਨੂੰ ਸੋਧਣ ਦੀ ਆਗਿਆ ਮੰਗਦਾ। ਇੱਕ ਦਿਨ ਤਰੁੱਠੇ ਸਤਿਗੁਰੂ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ। ਸਤਿਗੁਰਾਂ ਨੇ ਪੰਜ ਤੀਰ, ਪੱਚੀ ਸ਼ਸ਼ਤਰਧਾਰੀ ਜੋਸ਼ੀਲੇ ਯੋਧੇ ਸਿੰਘ, ਸਿੱਖ ਸੰਗਤਾਂ ਦੇ ਨਾਂ ਹੁਕਮਨਾਮਾ ਅਤੇ ਜ਼ਾਲਮਾਂ ਨੂੰ ਸੋਧਣ ਲਈ ਬਖਸ਼ਿਸ਼ਾਂ ਭਰਿਆ ਥਾਪੜਾ ਦੇ ਕੇ ਉਸ ਨੂੰ ਪੰਜਾਬ ਵੱਲ ਤੋਰਿਆ। ਉਸ ਸਮੇਂ ਤੱਕ ਸੰਨ 1708 ਦਾ ਨੌਵਾਂ ਮਹੀਨਾ ਸ਼ੁਰੂ ਹੋ ਚੁੱਕਾ ਸੀ।

ਬਾਬਾ ਬੰਦਾ ਸਿੰਘ ਜੀ ਬਹਾਦਰ ਅਜੇ ਭਰਤਪੁਰ ਹੀ ਪੁੱਜੇ ਸੀ ਕਿ ਉਨ੍ਹਾਂ ਦਾ ਰਾਸ਼ਨ ਪਾਣੀ ਮੁੱਕ ਗਿਆ। ਸਿੰਘਾਂ ਦੇ ਇਸ ਜੱਥੇ ਤਾ ਪੈਂਤੜਾ ਸੀ ਕਿ ਦਿੱਲੀ ਦੇ ਉਰਾਰ ਤੱਕ ਕੋਈ ਐਸੀ ਹਰਕਤ ਨਹੀਂ ਕਰਨੀ, ਜਿਸ ਨਾਲ ਹਕੂਮਤ ਨੂੰ ਸ਼ੱਕ ਹੋਵੇ ਕਿ ਇਹ ਬਾਗੀਆਂ ਦਾ ਟੋਲਾ ਹੈ। ਜੇ ਅਜਿਹੀ ਸ਼ਰਤ ਨਾ ਹੁੰਦੀ ਤਾਂ ਉਹ ਜਿੱਥੇ ਮਰਜ਼ੀ ਬੈਠਦੇ, ਜਿਵੇਂ ਮਰਜ਼ੀ ਖਾਂਦੇ, ਜ਼ੋਰ ਨਾਲ ਸਭ ਕੁਝ ਹਾਸਲ ਕੀਤਾ ਜਾ ਸਕਦਾ ਸੀ, ਪਰ ਜਿਹੜੀ ਮੰਜ਼ਿਲ ਉਹ ਮਿੱਥ ਕੇ ਤੁਰੇ ਸਨ, ਉਹ ਊਣੀ ਰਹਿ ਜਾਣੀ ਸੀ। ਸੋ, ਉਨ੍ਹਾਂ ਸਾਰਿਆਂ ਨੇ ਦੋਵੇਂ ਹੱਥ ਜੋੜ ਕੇ ਇੱਕ ਮਨ ਇੱਕ ਚਿੱਤ ਹੋ ਕੇ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ। ਅਰਦਾਸ ਸੰਪੂਰਨ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਪੁਕਾਰ ਸਤਿਗੁਰੂ ਜੀ ਦੇ ਦਰਬਾਰ ਵਿੱਚ ਸੁਣੀ ਗਈ। ਗੁਰੂ-ਘਰ ਦਾ ਇੱਕ ਅਨਿੰਨ ਪ੍ਰੇਮੀ ਲੁਬਾਣਾ ਵਪਾਰੀ ਸਿੱਖ, ਉਧਰੋਂ ਆਪਣਾ ਟਾਂਡਾ ਲੈ ਕੇ ਲੰਘ ਰਿਹਾ ਸੀ। ਉਸ ਨੇ ਕਲਗੀਧਰ ਪਾਤਸ਼ਾਹ ਜੀ ਵੱਲੋਂ ਭੇਜੇ ਹੁਕਮਨਾਮੇ ਦੇ ਦਰਸ਼ਨ ਕੀਤੇ ਅਤੇ ਦਰਸ਼ਨ ਭੇਟਾ ਵਜੋਂ ਦਸਵੰਧ ਦੀਆਂ 500 ਮੋਹਰਾਂ ਜੱਥੇ ਦੇ ਮਸਤਾਨੇ ਲੰਗਰ ਨੂੰ ਕਾਇਮ ਰੱਖਣ ਲਈ ਬਾਬਾ ਬੰਦਾ ਸਿੰਘ ਜੀ ਬਾਹਦਰ ਨੂੰ ਸੌਂਪ ਦਿੱਤੀਆਂ।

**ਡਾਕੂਆਂ-ਲੁਟੇਰਿਆਂ ਨੂੰ ਸੋਧਣਾ :**

ਬਾਦਸ਼ਾਹ ਬਹਾਦਰ ਸ਼ਾਹ ਦੇ ਦੱਖਣ ਵਿੱਚ ਬੈਠੇ ਹੋਣ ਕਾਰਨ ਉਨ੍ਹੀਂ ਦਿਨੀਂ ਦਿੱਲੀ ਦੇ ਆਲੇ-ਦੁਆਲੇ ਰਾਜ ਪ੍ਰਬੰਧ ਦਾ ਹਾਲ ਬੜਾ ਮੰਦਾ ਸੀ। ਡਾਕੂਆਂ,

ਧਾੜਵੀਆਂ ਅਤੇ ਲੁਟੇਰਿਆਂ ਦੇ ਹਥਿਆਰਬੰਦ ਟੋਲੇ ਪਿੰਡਾਂ-ਕਸਬਿਆਂ ਵਿੱਚ ਅਚਨਚੇਤੀ ਆ ਵੜਦੇ ਅਤੇ ਲੁੱਟ-ਕੁੱਟ ਕੇ ਨੇੜਲੇ ਜੰਗਲਾਂ ਵਿੱਚ ਵੜ ਜਾਂਦੇ। ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜੰਗਜੂ ਜੱਥਾ ਜਦੋਂ ਹਿਸਾਰ ਦੇ ਨੇੜੇ ਪਿੰਡ ਭੰਗਰ ਦੇ ਬਾਹਰਵਾਰ ਟਿਕਿਆ ਹੋਇਆ ਸੀ, ਡਾਕੂਆਂ ਦਾ ਇੱਕ ਟੋਲਾ ਪਿੰਡ ਨੂੰ ਲੁੱਟਣ ਆ ਪਿਆ। ਉਨ੍ਹਾਂ ਤੋਂ ਡਰਦੇ ਪਿੰਡ ਵਾਸੀ ਜਾਨਾਂ ਬਚਾਉਣ ਲਈ ਖੇਤਾਂ ਵੱਲ ਦੌੜ ਗਏ। ਵੱਡਿਆਂ ਘਰਾਂ ਦਾ ਸਾਰਾ ਕੀਮਤੀ ਸਾਮਾਨ ਅਤੇ ਖਾਣਾ-ਦਾਣਾ ਪੰਡਾਂ ਬੰਨ੍ਹ ਕੇ ਜਦੋਂ ਡਾਕੂ ਤੁਰਨ ਲੱਗੇ ਤਾਂ ਸਿੰਘਾਂ ਦੇ ਜੱਥੇ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਤੀਰਾਂ-ਤਲਵਾਰਾਂ ਦੇ ਪਹਿਲੇ ਹੀ ਹੱਲੇ ਨੇ ਡਾਕੂਆਂ ਨੂੰ ਲੈਣੇ ਦੇ ਦੇਣੇ ਪਾ ਦਿੱਤੇ। ਉਹ ਆਪਣਾ ਸਾਰਾ ਸਾਜ਼ੋ-ਸਾਮਾਨ, ਗੋਲੀ-ਸਿੱਕਾ ਅਤੇ ਹਥਿਆਰ ਲੁਟਾ ਕੇ ਜਾਨਾਂ ਬਚਾਉਂਦੇ ਵੀਰਾਨੇ ਵੱਲ ਨਿਕਲ ਗਏ। ਡਾਕੂਆਂ ਨੂੰ ਦੌੜਦਿਆਂ ਵੇਖ ਕੇ ਪਿੰਡ ਵਾਸੀ ਵੀ ਵਾਪਸ ਪਰਤ ਆਏ। ਉਨ੍ਹਾਂ ਨੇ ਸਿੰਘਾਂ ਦਾ ਸੌ-ਸੌ ਵਾਰ ਸ਼ੁਕਰਾਨਾ ਕੀਤਾ। ਇਸ ਘਟਨਾ ਉਪਰੰਤ ਸਿੰਘਾਂ ਦੇ ਇਸ ਜੰਗਜੂ ਜੱਥੇ ਨੇ ਰਸਤੇ ਵਿੱਚ ਆਉਂਦੇ ਕਈ ਪਿੰਡਾਂ ਦੇ ਚੁਗਿਰਦੇ ਨੂੰ ਡਾਕੂਆਂ, ਲੁਟੇਰਿਆਂ, ਧਾੜਵੀਆਂ ਤੋਂ ਮੁਕਤ ਕੀਤਾ ਅਤੇ ਖਲਕਤ ਦੀਆਂ ਅਸੀਸਾਂ ਲਈਆਂ। ਸਿੰਘਾਂ ਦੇ ਪਰਉਪਕਾਰੀ ਜੀਵਨ ਅਤੇ ਦਲੇਰੀ ਭਰੀ ਰਹਿਤ-ਬਹਿਤ ਵੇਖ ਕੇ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਕੁਝ ਜੋਸ਼ੀਲੇ ਨੌਜਵਾਨ ਹਰ ਪੜਾਅ 'ਤੇ ਉਨ੍ਹਾਂ ਦੇ ਜੱਥੇ ਵਿੱਚ ਜੁੜ ਜਾਂਦੇ। ਇੰਝ ਹਰ ਨਵੇਂ ਪੜਾਅ ਸਮੇਂ ਸਿੰਘਾਂ ਦਾ ਇਹ ਜੱਥਾ ਹੋਰ ਵੱਡਾ ਹੋ ਜਾਂਦਾ।

ਸਿੰਘਾਂ ਦਾ ਇਹ ਜੱਥਾ ਅਜੇ ਕੈਥਲ ਦੇ ਨੇੜੇ ਸੀ, ਜਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਕੰਨਸੋਅ ਮਿਲੀ ਕਿ ਵੱਖ-ਵੱਖ ਪਰਗਣਿਆਂ ਤੋਂ ਇਕੱਠੇ ਕੀਤੇ ਲਗਾਨ ਦਾ ਸ਼ਾਹੀ ਖਜ਼ਾਨਾ ਮੁਗਲ ਫੌਜੀ ਦਸਤੇ ਦੀ ਰਖਵਾਲੀ ਹੇਠ ਦਿੱਲੀ ਲਿਜਾਇਆ ਜਾ ਰਿਹਾ ਹੈ। ਲੋੜੀਂਦੇ ਹਥਿਆਰ ਅਤੇ ਘੋੜੇ ਪ੍ਰਾਪਤ ਕਰਨ ਲਈ ਸਿੰਘਾਂ ਨੂੰ ਅਜਿਹੇ ਕਿਸੇ ਖਜ਼ਾਨੇ ਦੀ ਬੇਹੱਦ ਲੋੜ ਸੀ। ਸੋ, ਉਹ ਜਾਨਾਂ ਹੂਲ ਕੇ ਫੌਜੀ ਦਸਤੇ 'ਤੇ ਹਮਲਾਵਰ ਹੋਏ। ਇਸ ਅਚਾਨਕ ਹਮਲੇ ਨੇ ਮੁਗਲ ਸਿਪਾਹੀਆਂ ਵਿੱਚ ਭਾਜੜ ਪਾ ਦਿੱਤੀ। ਉਹ ਕੇਵਲ ਖਜ਼ਾਨਾ ਹੀ ਨਹੀਂ, ਹਥਿਆਰ, ਘੋੜੇ ਅਤੇ ਗੋਲੀ-ਸਿੱਕਾ ਛੱਡ ਕੇ ਦੌੜ ਗਏ। ਸਿੰਘਾਂ ਦੇ ਜੱਥੇ ਦੀ ਮੁਗਲ ਫੌਜ ਦੇ ਸ਼ਾਹੀ ਦਸਤੇ ਉੱਤੇ ਇਹ ਪਹਿਲੀ ਜਿੱਤ ਸੀ, ਜਿਸ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਵੀ ਪੂਰੀਆਂ ਕੀਤੀਆਂ ਅਤੇ ਹੌਂਸਲੇ ਵੀ ਬੁਲੰਦ ਕੀਤੇ।

## ਸ਼ਹਿਰ ਸਮਾਣਾ ਦੀ ਸੁਧਾਈ :

ਹੁਣ ਬਾਬਾ ਬੰਦਾ ਸਿੰਘ ਜੀ ਬਹਾਦਰ ਕੋਲ ਇਤਨਾ ਕੁ ਹਥਿਆਰਾਂ ਦਾ ਜ਼ਖੀਰਾ ਅਤੇ ਜੰਗਜੂ ਹੋ ਗਏ ਸਨ, ਜਿਨ੍ਹਾਂ ਨਾਲ ਉਹ ਨਿੱਠ ਕੇ ਕੋਈ ਜੰਗ ਲੜ ਸਕਦੇ ਸੀ। ਸ਼ਹਿਰ ਸਮਾਣਾ ਉਨ੍ਹਾਂ ਦੇ ਸਾਹਮਣੇ ਸੀ ਅਤੇ ਇੱਥੋਂ ਦੇ ਫੌਜਦਾਰ ਜਲਾਲ-ਓ-ਦੀਨ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਾਲੇ ਜਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਵੀ ਇਸੇ ਸ਼ਹਿਰ ਦੇ ਬਸ਼ਿੰਦੇ ਸਨ। ਸੰਨ 1709 ਦੀ 26 ਨਵੰਬਰ ਨੂੰ ਪਹੁ ਫੁੱਟਣ ਤੋਂ ਪਹਿਲਾਂ ਹੀ ਸਿੰਘ-ਯੋਧਿਆਂ ਨੇ ਸਮਾਣੇ ਨੂੰ ਚੁਫੇਰਿਓਂ ਘੇਰ ਲਿਆ। ਬੜੀ ਗਹਿਗੱਚ ਜੰਗ ਹੋਈ। ਕਰੀਬ 10 ਹਜ਼ਾਰ ਮੁਗਲ ਅਤੇ ਸੱਯਦ ਇਸ ਘਮਸਾਨ ਵਿੱਚ ਸਿੰਘਾਂ ਹੱਥੋਂ ਮਾਰੇ ਗਏ। ਸਾਹਿਬਜ਼ਾਦਿਆਂ ਦੇ ਦੋਵੇਂ ਕਾਤਲਾਂ ਸਮੇਤ ਫੌਜਦਾਰ ਜਲਾਲ-ਓ-ਦੀਨ ਵੀ ਮਰਨ ਵਾਲਿਆਂ ਵਿੱਚ ਸ਼ਾਮਿਲ ਸਨ। ਨਿਰਣਾਇਕ ਜਿੱਤ ਮਗਰੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਿਰਦਾਰ ਫਤਹਿ ਸਿੰਘ ਨੂੰ ਸਮਾਣੇ ਦੇ ਫੌਜਦਾਰ ਨਿਯੁਕਤ ਕੀਤਾ। ਸਮਾਣੇ ਦੀ ਕਤਲੋਗਾਰਤ ਨੇ ਸਿੰਘਾਂ ਦੀ ਇਤਨੀ ਕੁ ਦਹਿਸ਼ਤ ਆਲੇ-ਦੁਆਲੇ ਦੇ ਮੁਗਲ ਹਾਕਮਾਂ ਵਿੱਚ ਪਾ ਦਿੱਤੀ ਕਿ ਕੈਥਲ, ਘੁੜਾਮ, ਠਸਕਾ ਦੇ ਫੌਜਦਾਰਾਂ ਨੇ ਬਿਨਾਂ ਕਿਸੇ ਵੱਡੇ ਮੁਕਾਬਲੇ ਤੋਂ ਹਥਿਆਰ ਸੁੱਟਣ ਵਿੱਚ ਆਪਣੀ ਭਲਾਈ ਸਮਝੀ। ਮੁਸਤਫ਼ਾਬਾਦ ਅਤੇ ਕਪੂਰੀ ਦੇ ਹਾਕਮਾਂ ਨੇ ਵਾਰੋ ਵਾਰੀ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਚਲਦੇ ਵਹੀਰ ਦੀ ਚੜ੍ਹਤ ਨੂੰ ਡੱਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਿੰਘਾਂ ਦੇ ਤੂਫਾਨੀ ਹੱਲੇ ਅੱਗੇ ਕੱਖਾਂ ਵਾਂਗ ਉੱਡ ਗਏ।

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

## ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 466 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

467. **ਸਵਾਲ :** ਸਤਿਕਾਰਯੋਗ ਵੀਰ ਜੀ, ਅਸੀਂ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਾਂ ਪਰ ਸਿੱਖੀ ਦੀ ਮੁੱਖ ਨਿਸ਼ਾਨੀ ਕੀ ਹੈ? ਸਿੱਖੀ ਦਾ ਮੂਲ ਕੀ ਹੈ?

**ਜਵਾਬ :** ਬਹੁਤ ਜ਼ਰੂਰੀ ਪ੍ਰਸ਼ਨ ਹੈ ਔਰ ਇਸ ਨੂੰ ਸਮਝਣ ਦੀ ਅੱਜ ਦੇ ਸਮੇਂ ਵਿੱਚ ਬਹੁਤ ਭਾਰੀ ਲੋੜ ਹੈ। ਬਹੁਤ ਹੀ ਸੂਖਮ ਵਿਸ਼ਾ ਹੈ ਕਿਉਂਕਿ ਆਮ ਤੌਰ ਤੇ ਅਸੀਂ ਬਾਹਰੀ ਪਹਿਰਾਵੇ ਤੋਂ ਤਾਂ ਸਿੱਖ ਦਿਖਾਈ ਦਿੰਦੇ ਹਨ, ਕਮਾਈ ਵੀ ਕਰਦੇ ਹਾਂ ਪਰ ਜੇ ਸਿੱਖੀ ਦਾ ਮੂਲ ਨਾ ਪਤਾ ਹੋਵੇ ਤੇ ਕੀਤੀ ਕਮਾਈ ਵੀ ਡੁੱਲ੍ਹ ਜਾਂਦੀ ਹੈ, ਸੇਵਾ ਵੀ ਥਾਂਏਂ ਨਹੀਂ ਪੈਂਦੀ। ਸਿੱਖ ਇਤਿਹਾਸ ਤੇ ਜੇ ਨਜ਼ਰ ਮਾਰੀਏ ਤੇ ਇਸ ਵਿਸ਼ੇ ਨਾਲ ਸੰਬੰਧਿਤ ਇੱਕ ਬਹੁਤ ਹੀ ਪ੍ਰੇਰਨਾ ਜਨਕ ਸਾਖੀ ਸਾਹਮਣੇ ਆਉਂਦੀ ਹੈ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿੱਚ ਲਖਨਊ ਸ਼ਹਿਰ ਦਾ ਰਹਿਣ ਵਾਲਾ ਇੱਕ ਸਿੱਖ ਆਇਆ ਸੀ ਭਾਈ ਚੂਹੜ। ਜਿਸਨੇ ਬੜਾ ਹੀ ਕੀਮਤੀ ਸਵਾਲ ਪੁੱਛਿਆ ਜਿਸ ਨਾਲ ਸਾਨੂੰ ਵੀ ਸੋਝੀ ਮਿਲਦੀ ਹੈ। ਧੰਨ ਹੈ ਇਹ ਸਿੱਖ ਜਿਸ ਨੇ ਐਸਾ ਸਵਾਲ ਕੀਤਾ, ਜਿਸ ਤੋਂ ਸਮੂਹ ਸਿੱਖ ਕੌਮ ਨੂੰ ਸੇਧ ਮਿਲਦੀ ਰਹੇਗੀ। ਉਸ ਨੇ ਸਤਿਗੁਰੂ ਜੀ ਨੂੰ ਪੁੱਛਿਆ ਸੀ ਸਤਿਗੁਰੂ ਜੀ ਸਿੱਖੀ ਦਾ ਮੂਲ ਕੀ ਹੈ? ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਸਿੱਖੀ ਦੇ ਮੂਲ ਦੀਆਂ ਤਿੰਨ ਨਿਸ਼ਾਨੀਆਂ ਉਸ ਵੇਲੇ ਸਿੱਖ ਦੀ ਝੋਲੀ ਪਾਈਆਂ।

ਪਹਿਲੀ ਨਿਸ਼ਾਨੀ ਦੱਸੀ ਸੀ- *ਮਨ ਨੀਵਾਂ ਰੱਖਣਾ ਤੇ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਾ ਲੈਣੀ।* ਦੂਸਰੀ ਨਿਸ਼ਾਨੀ- *ਸਤਿਸੰਗਤ ਕਰਨੀ ਤੇ ਸੰਗਤ ਦੀ ਪ੍ਰਸੰਨਤਾ ਲੈਣੀ।* ਸਿੱਖੀ ਦੇ ਮੂਲ ਦੀ ਤੀਸਰੀ ਨਿਸ਼ਾਨੀ *ਗੁਰੂ ਉੱਤੇ ਪੂਰਨ ਸ਼ਰਧਾ ਰੱਖਣੀ ਤੇ ਗੁਰੂ ਵਿੱਚੋਂ ਹੀ ਪਰਮੇਸ਼ਰ ਦੇ ਦਰਸ਼ਨ ਕਰਨੇ।*

ਅੱਜ ਤੋਂ 35-40 ਸਾਲ ਪਹਿਲੇ ਦਾਸ ਵੀ ਇਹ ਸਮਝਦਾ ਹੁੰਦਾ ਸੀ ਦਰਬਾਰ ਸਾਹਿਬ ਜਾਣਾ ਤੇ ਮਨ ਵਿੱਚ ਹੁੰਦਾ ਸੀ ਧੰਨ ਗੁਰੂ ਰਾਮਦਾਸ ਜੀ ਦੇ ਦਰ ਤੇ ਨਮਸਕਾਰ ਕਰ ਰਹੇ ਹਾਂ, ਪਰ ਰੱਬ ਅਜੇ ਹੋਰ ਹੈ। ਜੇ

ਕੋਈ ਇਸ ਅਵਸਥਾ ਤੇ ਇਸ ਸਟੇਜ ਤੇ ਹੈ ਤੇ ਸਮਝ ਲੈਣਾ ਅਜੇ ਸ਼ਰਧਾ ਦੀ ਨੀਂਹ ਵੀ ਨਹੀਂ ਰੱਖੀ ਗਈ। ਨੀਂਹ ਕੀ ਹੈ? ਆਪਣੇ ਗੁਰੂ ਵਿੱਚੋਂ ਹੀ ਪ੍ਰਮੇਸ਼ਰ ਨੂੰ ਵੇਖਣਾ। ਸਾਨੂੰ ਇੱਕ ਮਾਣ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ ਕੁਝ ਲਿਖਿਆ ਹੈ, ਉਹ ਬਿਲਕੁਲ ਸਤ ਹੈ। ਉਸਨੂੰ ਕੋਈ ਗਲਤ ਨਹੀਂ ਕਹਿ ਸਕਦਾ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛ ਲਈਏ ਕਿ ਰੱਬ ਕਿਹੋ ਜਿਹਾ ਹੁੰਦਾ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਆਵਾਜ਼ ਆਵੇਗੀ :

*ਭੈਰਉ ਮਹਲਾ ੫*

*ਸਤਿਗੁਰੁ ਮੇਰਾ ਬੇਮੁਹਤਾਜੁ ॥*
*ਸਤਿਗੁਰ ਮੇਰੇ ਸਚਾ ਸਾਜੁ ॥*

ਇਸ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਹਨ :

*ਨਾਨਕ ਸੋਧੇ ਸਿੰਮ੍ਰਿਤਿ ਬੇਦ ॥*
*ਪਾਰਬ੍ਰਹਮ ਗੁਰ ਨਾਹੀ ਭੇਦ ॥*

*(ਅੰਗ ੧੧੪੨)*

ਭਾਵ ਕਿ ਪਰਮੇਸ਼ਰ ਤੇ ਗੁਰੂ ਵਿੱਚ ਕੋਈ ਅੰਤਰ ਨਹੀਂ। ਸਾਡੀ ਗੁਰੂ ਤੇ ਪਰਮੇਸ਼ਰ ਵਰਗੀ ਭਾਵਨਾ ਹੋਵੇ। ਘਰ ਵਿੱਚ ਕੋਈ ਕਿੱਲ ਠੋਕਣਾ ਹੋਵੇ ਕਿਸੇ ਜਗ੍ਹਾ ਤੇ ਹਥੌੜੀ ਨਾਲ ਜਦੋਂ ਇੱਕ ਸੱਟ ਮਾਰੋਗੇ ਤੇ ਉਹ ਮਾੜਾ ਜਿਹਾ ਠੁੱਕਦਾ ਹੈ ਤੇ ਝਟ ਹੀ ਵਾਪਸ ਨਿਕਲ ਜਾਂਦਾ ਹੈ। ਫਿਰ ਤੁਸੀਂ ਇੱਕ ਹੋਰ ਸੱਟ ਮਾਰਦੇ ਹੋ ਕਿ ਥੋੜ੍ਹਾ ਜਿਹਾ ਹੋਰ ਪੱਕਾ ਹੋ ਜਾਵੇ ਨਿਕਲੇ ਨਾ। ਕੁਝ ਪੰਕਤੀਆਂ ਦਾਸ ਹੋਰ ਬੋਲਣ ਲੱਗਾ ਹੈ ਕਿ ਅੱਜ ਸੱਟਾਂ ਹੋਰ ਵੱਜ ਜਾਣ ਅੱਜ ਪੱਕਾ ਹੋ ਜਾਵੇ, ਰੱਬ ਕੌਣ ਹੈ?

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨਾ ਭਾਈ ॥*

*(ਅੰਗ ੪੪੨)*

*ਗੁਰੁ ਪਰਮੇਸਰੁ ਏਕੋ ਜਾਣੁ ॥*
*ਜੋ ਤਿਸੁ ਭਾਵੈ ਸੋ ਪਰਵਾਣੁ ॥*

*(ਅੰਗ ੮੬੪)*

ਸਿੱਖੀ ਦੇ ਮੂਲ ਦੀ ਤੀਸਰੀ ਨਿਸ਼ਾਨੀ ਗੁਰੂ ਤੇ ਪੂਰਨ ਸ਼ਰਧਾ ਰੱਖਣੀ। ਜੇ ਸਿੱਖ ਦੀ ਗੁਰੂ ਤੇ ਪੂਰਨ ਸ਼ਰਧਾ ਨਹੀਂ ਬਣੀ ਸਭ ਤੋਂ ਵੱਡਾ ਕੰਗਾਲ ਹੈ। ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਮਾਇਆ ਗਈ ਕੁਝ ਖਾਸ ਨਹੀਂ ਗਿਆ, ਸਿਹਤ ਗਈ ਕੁਝ-ਕੁਝ ਗਿਆ, ਗੁਰੂ ਤੋਂ ਸ਼ਰਧਾ ਗਈ ਤੇ ਸਭ ਕੁਝ ਗਿਆ। ਸਿੱਖੀ ਖੜ੍ਹੀ ਹੀ ਸ਼ਰਧਾ ਤੇ ਹੈ। ਜਦੋਂ ਤੱਕ ਸ਼ਰਧਾ ਕਾਇਮ ਹੈ, ਸਮਝ ਲਵੋ ਸਭ ਕੁਝ ਕਾਇਮ ਹੈ।

ਭਾਈ ਸੋਮਾ ਸ਼ਾਹ ਜੀ ਨੂੰ ਧੰਨ ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਸ਼ਰਧਾ ਦਾ ਸਦਕਾ ਕੁਲਾਂ ਤੱਕ ਬਖਸ਼ੀਸ਼ਾਂ ਮਿਲ ਗਈਆਂ। 14 ਸਾਲ ਦੀ ਉਮਰ ਭਾਈ ਸੋਮੇ ਦੀ, ਪਿਉ ਦਾ ਸਾਇਆ ਸਿਰ ਤੋਂ ਉੱਠ ਗਿਆ, ਮਾਂ ਨੇ ਪੜ੍ਹਾਈ ਕਰਨ ਤੋਂ ਹਟਾ ਲਿਆ ਕਿ ਘਰ ਦੀ ਰੋਟੀ ਕਿਵੇਂ ਚੱਲੇ, ਕੋਈ ਕਿਰਤ ਕਰ। ਕਹਿਣ ਲੱਗਾ, ਕੀ ਕਿਰਤ ਕਰਾਂ? ਮਾਂ ਕਹਿਣ ਲੱਗੀ, ਮੈਂ ਘੁੰਗਣੀਆਂ ਬਣਾ ਦਿਆਂ ਕਰਾਂਗੀ, ਤੂੰ ਵੇਚ ਆਇਆ ਕਰ। ਪਹਿਲੇ ਦਿਨ ਮਾਂ ਨੇ ਘੁੰਗਣੀਆਂ ਬਣਾਈਆਂ। ਛਾਬਾ ਤਿਆਰ ਕੀਤਾ। ਭਾਈ ਸੋਮਾ ਮਾਂ ਨੂੰ ਪੁੱਛਦਾ ਹੈ, ਕਿੱਥੇ ਬੈਠ ਕੇ ਵੇਚਾਂ? ਮਾਂ ਕਹਿਣ ਲੱਗੀ, ਧੰਨ ਗੁਰੂ ਰਾਮਦਾਸ ਜੀ ਤਾਲ (ਸਰੋਵਰ) ਦੀ ਖੁਦਵਾਈ ਕਰਵਾ ਰਹੇ ਹਨ, ਉੱਥੇ ਸੰਗਤਾਂ ਬਹੁਤ ਆਉਂਦੀਆਂ ਹਨ। ਬਹੁਤ ਇਕੱਠ ਹੁੰਦਾ ਹੈ। ਉੱਥੇ ਤੇਰੀ ਛਾਬੜੀ ਜਲਦੀ ਵਿਕ ਜਾਵੇਗੀ। ਰੋਜ਼ ਛਾਬੜੀ ਲਗਾਣੀ ਤੇ ਵੇਚਣੀ। ਇਕ ਭਾਗਾਂ ਵਾਲਾ ਦਿਨ ਆ ਗਿਆ, ਕਰਮਾਂ ਵਾਲਾ ਦਿਨ ਆ ਗਿਆ। ਗੁਰਬਾਣੀ ਵਿੱਚ ਵੀ ਇਸ਼ਾਰਾ ਹੈ। ਅਸਲੀ ਭਾਗ ਕਦੋਂ ਨੇ?

*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥*

*(ਅੰਗ ੯੭)*

ਕੋਈ ਗੁਰੂ ਮਿਲ ਜਾਵੇ, ਬਖਸ਼ਿਆ ਮਿਲ ਜਾਵੇ, ਸੰਗਤ ਮਿਲ ਜਾਵੇ :

*ਵਡਭਾਗੀ ਹਰਿ ਸੰਗਤਿ ਪਾਵਹਿ ॥*

*(ਅੰਗ ੯੫)*

ਸਤਿਗੁਰੂ ਜੀ ਨੇ ਇਸਨੂੰ ਭਾਗ ਕਿਹਾ ਹੈ। ਤੁਹਾਡੇ ਵਿੱਚੋਂ ਕੋਈ 7 ਵਜੇ, 6 ਵਜੇ ਉੱਠਦਾ ਹੈ, ਬਿਧ ਐਸੀ

ਬਣ ਜਾਂਦੀ ਹੈ। 3-4 ਵਜੇ ਦਾ ਅੰਮ੍ਰਿਤ ਵੇਲਾ ਬਣ ਜਾਂਦਾ ਹੈ। ਉਹ ਦਿਨ ਭਾਗਾਂ ਵਾਲਾ ਦਿਨ ਗਿਣਨਾ, ਜਿਸ ਦਿਨ ਐਸੀ ਤਬਦੀਲੀ ਆ ਗਈ।

ਭਾਈ ਸੋਮਾ ਰੋਜ਼ ਘੁੰਗਣੀਆਂ ਵੇਚਦਾ ਹੈ, ਅੱਜ ਭਾਗਾਂ ਵਾਲਾ ਦਿਨ ਆ ਗਿਆ। ਭਾਗਾਂ ਵਾਲਾ ਦਿਨ ਇਹ ਨਹੀਂ ਕਿ ਵਟਕ ਜ਼ਿਆਦਾ ਹੋ ਗਈ, ਜਲਦੀ ਵਿਹਲਾ ਹੋ ਗਿਆ। ਇਹ ਸਭ ਥੱਲੇ ਦੀਆਂ ਖੇਡਾਂ ਨੇ। ਬਹੁਤੇ ਬੋਝ ਨਾ ਪਾਇਆ ਕਰੋ। ਉਸਦੇ ਰੰਗ ਵਿੱਚ ਰਹੋ, ਇਹ ਦੁਨਿਆਵੀ ਕੰਮ ਆਪਣੇ ਆਪ ਤੁਰਦੇ ਜਾਣਗੇ। ਆਪਣਾ ਬੋਰੀ-ਬਿਸਤਰਾ ਹਰ ਵੇਲੇ ਤਿਆਰ ਰੱਖਿਆ ਕਰੋ। ਕਈਆਂ ਨੂੰ ਮਹਿਸੂਸ ਹੋਵੇਗਾ ਲੇਕਿਨ ਜਿਸ ਦਿਨ ਅੱਖ ਖੁੱਲ੍ਹ ਗਈ, ਬੜਾ ਅਨੰਦ ਹੈ ਇਸ ਵਿੱਚ। ਮਹਾਂਪੁਰਸ਼ ਬਚਨ ਕਰਦੇ ਸੀ, ਆਪਣਾ ਬੋਰੀ-ਬਿਸਤਰਾ ਹਰ ਵੇਲੇ ਤਿਆਰ ਰੱਖਿਆ ਕਰੋ, ਪਤਾ ਨਹੀਂ ਕਿਹੜੇ ਵੇਲੇ ਸੁਨੇਹਾ ਆ ਜਾਵੇ। ਫਿਰ ਸਭ ਥੱਲੇ ਦੀਆਂ ਖੇਡਾਂ ਜਾਪਣਗੀਆਂ, ਸਭ ਕੁਝ ਇੱਥੇ ਹੀ ਰਹਿ ਜਾਣਾ ਹੈ। ਫਿਰ ਬਹੁਤੇ ਮੋਹ ਨਹੀਂ ਜਾਗਦੇ। ਨਾ ਹੀ ਈਰਖਾ ਜਾਗਦੀਆਂ ਨੇ, ਬੜਾ ਕੁਝ ਕੰਟਰੋਲ ਵਿੱਚ ਹੋ ਜਾਂਦਾ ਹੈ। ਅੱਜ ਧੰਨ ਗੁਰੂ ਰਾਮਦਾਸ ਜੀ ਉਧਰੋਂ ਲੰਘੇ ਜਿਧਰ ਭਾਈ ਸੋਮੇ ਨੇ ਛਾਬਾ ਲਾਇਆ ਸੀ। ਦੂਜੀ ਭਾਗਾਂ ਦੀ ਗੱਲ ਮੇਰੇ ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਨਦਰਿ ਪੈ ਗਈ ਭਾਈ ਸੋਮਾ ਜੀ ਤੇ। ਤੀਜੀ, ਮਹਾਰਾਜ ਜੀ ਨੂੰ ਛਾਬੇ ਵੱਲ ਵੇਖ ਕੇ ਆਪਣਾ ਸਮਾਂ ਯਾਦ ਆ ਗਿਆ। ਮੈਂ ਵੀ ਘੁੰਗਣੀਆਂ ਵੇਚਦਾ ਸੀ। ਇਸ ਵਿੱਚੋਂ ਹੀ ਗੁਣ ਲੈਣਾ। ਧੰਨ ਗੁਰੂ ਰਾਮਦਾਸ ਜੀ ਪਹਿਲੇ ਘੁੰਗਣੀਆਂ ਵੇਚਦੇ ਸਨ ਤੇ ਜਦੋਂ ਧੰਨ ਗੁਰੂ ਅਮਰਦਾਸ ਜੀ ਨੇ ਤਖ਼ਤ 'ਤੇ ਬਿਠਾ ਦਿੱਤਾ, ਚੰਦੋਏ ਲੱਗ ਗਏ। ਸੰਗਤਾਂ ਨਮਸਕਾਰਾਂ ਕਰਦੀਆਂ ਨੇ, ਪਰ ਸ਼ਬਦ ਕੀ ਉਚਾਰਿਆ?

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*

*(ਅੰਗ ੧੬੭)*

ਮੈਂ ਤੇ ਘੁੰਗਣੀਆਂ ਵੇਚਣ ਵਾਲਾ ਸੀ, ਮੈਨੂੰ ਕਿੱਥੇ ਬਿਠਾ ਦਿੱਤਾ ਗੁਰੂ ਸਾਹਿਬ ਨੇ? ਤਖ਼ਤ 'ਤੇ ਬੈਠ ਗਏ ਪਰ ਆਪਣਾ ਪਹਿਲਾ ਸਮਾਂ ਨਹੀਂ ਭੁੱਲੇ। ਇਹ ਵੀ ਇੱਕ ਗੁਣ ਹੈ।

ਦਾਸ ਦਾ ਇੱਕ ਮਿੱਤਰ ਹੈ, ਸੰਗੀ ਵੀ ਹੈ। ਬੀਬੀ ਕੌਲਾਂ ਸਭਾ ਦਾ ਮੈਂਬਰ ਵੀ ਹੈ। ਸ਼ਾਸਤਰੀ ਮਾਰਕਿਟ ਵਿੱਚ ਉਸ ਦੀ ਦੁਕਾਨ ਹੈ। ਇੱਕ ਦਿਨ ਦਾਸ ਉਸ ਦੀ ਦੁਕਾਨ ਤੇ ਗਿਆ। ਸ਼ਾਸਤਰੀ ਮਾਰਕੀਟ ਵਿੱਚ ਕਈ ਵਾਰ ਗਾਹਕ ਆਉਂਦਾ ਹੈ ਤੇ ਸਮਾਨ ਲਿਖਾ ਦਿੰਦਾ ਹੈ ਕਿ 10 ਥਾਨ ਜਾਂ 4 ਥਾਨ ਫਲਾਣੀ ਹੱਟੀ ਤੇ ਭੇਜ ਦਿਓ ਤੇ ਇਹ ਲਵੋ ਪੈਸੇ। ਇਸੇ ਤਰ੍ਹਾਂ ਗਾਹਕ ਨੇ ਪੈਸੇ ਦਿੱਤੇ ਤੇ ਆਖਿਆ, ਇੰਨੇ ਥਾਨ ਫਲਾਣੀ ਹੱਟੀ ਤੇ ਭੇਜ ਦਿਓ। ਉਸ ਨੇ ਆਪਣੇ ਮੋਢੇ 'ਤੇ ਚੁੱਕੇ ਤੇ ਥਾਨ ਛੱਡਣ ਚਲਾ ਗਿਆ, ਜਿੱਥੇ ਗਾਹਕ ਨੇ ਕਿਹਾ ਸੀ। ਜਦੋਂ ਵਾਪਸ ਆਇਆ ਤੇ ਦਾਸ ਨੇ ਕਿਹਾ, ਤੁਹਾਡੇ ਕੋਲ ਤੇ ਨੌਕਰ-ਚਾਕਰ ਨੇ, ਕਰੋੜਾਂਪਤੀ ਹੋ, ਆਪ ਕਿਉਂ ਛੱਡ ਕੇ ਆਏ ਹੋ? ਉਹ ਕਹਿਣ ਲੱਗੇ, ਰੋਜ਼ ਨਹੀਂ ਜਾਂਦਾ ਆਪ ਛੱਡਣ, ਮਹੀਨੇ ਵਿੱਚ ਇੱਕ-ਅੱਧੀ ਵਾਰੀ ਆਪ ਛੱਡ ਕੇ ਆਉਂਦਾ ਹਾਂ ਤਾਂ ਕਿ ਮੈਨੂੰ ਆਪਣਾ ਪਹਿਲਾ ਸਮਾਂ ਯਾਦ ਰਹੇ। ਦਾਸ ਨੂੰ ਕਹਿਣ ਲੱਗਾ, ਮੈਂ ਬੜੀ ਗਰੀਬੀ ਵੇਖੀ ਹੈ। ਆਪ ਮਾਲ ਢੌਂਦਾ ਰਿਹਾ ਹਾਂ। ਇਸ ਲਈ ਮੈਂ ਇੱਕ-ਅੱਧੀ ਵਾਰੀ ਮਹੀਨੇ ਵਿੱਚ ਗਾਹਕ ਦਾ ਸਮਾਨ ਆਪ ਛੱਡ ਕੇ ਆਉਂਦਾ ਹਾਂ ਕਿ ਮੈਨੂੰ ਆਪਣਾ ਪਹਿਲਾ ਸਮਾਂ ਭੁੱਲ ਨਾ ਜਾਵੇ। ਇਹ ਗੁਰਮੁਖਾਂ ਦੀ ਨਿਸ਼ਾਨੀ ਹੈ। ਉਹ ਆਪਣਾ ਪਹਿਲਾ ਸਮਾਂ ਕਿਸੇ ਨਾ ਕਿਸੇ ਢੰਗ ਨਾਲ ਯਾਦ ਰੱਖਦੇ ਹਨ। ਕਿਸੇ ਕੋਲ ਮਾਇਆ ਆ ਜਾਵੇ। ਜ਼ਰਾ ਜਿਹਾ ਮਾਣ ਮਿਲ ਜਾਵੇ, ਸੰਗਤਾਂ ਮੰਨਣ ਲੱਗ ਜਾਣ। ਗੁਰਮਤਿ ਦਾ ਨਾ ਪਤਾ ਹੋਵੇ, ਪੁੱਛੋ ਹੀ ਕੁਝ ਨਾ। ਬਹੁਤ ਜ਼ਰੂਰੀ ਹੈ। ਪਹਿਲਾ ਸਮਾਂ ਨਾ ਭੁੱਲੋ।

ਧੰਨ ਗੁਰੂ ਰਾਮਦਾਸ ਜੀ ਨੂੰ ਆਪਣਾ ਬਚਪਨ ਯਾਦ ਆ ਗਿਆ ਕਿ ਮੈਂ ਵੀ ਘੁੰਗਣੀਆਂ ਵੇਚਦਾ ਸੀ। ਚੌਥੀ ਭਾਗਾਂ ਦੀ ਗੱਲ, ਭਾਈ ਸੋਮੇ ਦੇ ਛਾਬੇ ਕੋਲ ਚਲੇ ਗਏ। ਪੰਜਵੀਂ, ਪੁੱਛ ਲਿਆ, ਤੇਰਾ ਕੀ ਨਾਂ ਹੈ? ਕੀ ਕਰਦਾ ਹੈਂ? ਭਾਈ ਸੋਮਾ ਜੀ ਕਹਿੰਦੇ, ਸਤਿਗੁਰੂ ਜੀ ਘਰ ਵਿੱਚ ਕੋਈ ਕਮਾਉਣ ਵਾਲਾ ਨਹੀਂ ਹੈ ਇਸ ਲਈ ਘੁੰਗਣੀਆਂ ਵੇਚਦਾ ਹਾਂ। ਛੇਵੀਂ ਬਖਸ਼ਿਸ਼, ਸਤਿਗੁਰੂ ਜੀ ਤਲੀ ਅੱਡ ਕੇ ਅੱਗੇ ਕਰਦੇ ਹਨ ਤੇ ਕਹਿੰਦੇ, ਜੇ ਅੱਜ ਦੀ

ਵਟਕ ਸਾਨੂੰ ਦੇ ਦੇਵੇਂ। ਗੁਰੂ 'ਤੇ ਸ਼ਰਧਾ- ਅੱਜ ਜਿਹੜਾ ਟੌਪਿਕ ਚੱਲ ਰਿਹਾ ਹੈ, ਬੜਾ ਔਖਾ ਹੈ, ਵਟਕ ਦੇਣੀ। ਗੁਰੂ ਸਾਹਿਬ ਨੇ ਕਿਧਰੇ ਚੈੱਕ ਕਰਨਾ ਚਾਹਿਆ, ਅਵਸਥਾ ਦੇਖਣੀ ਸੀ, ਸ਼ਰਧਾ ਵੇਖਣੀ ਸੀ। ਉਸ ਬੱਚੇ ਨੇ ਸਾਰੀ ਵਟਕ ਸਤਿਗੁਰੁ ਜੀ ਦੀ ਤਲੀ 'ਤੇ ਰੱਖ ਦਿੱਤੀ। ਜਦੋਂ ਘਰ ਗਿਆ, ਮਾਂ ਪੁੱਛਣ ਲੱਗੀ, ਵਟਕ ਕਿੱਥੇ? ਘਰ ਵਿੱਚ ਬੜੀ ਗਰੀਬੀ ਸੀ। ਉਸੇ ਵਿੱਚੋਂ ਅੱਗੋਂ ਵਾਸਤੇ ਸੌਦਾ ਲਿਆਉਂਦੇ ਸੀ। ਭਾਈ ਸੋਮਾ ਜੀ ਕਹਿਣ ਲੱਗੇ, ਮਾਂ ਅੱਜ ਮੇਰੇ ਛਾਬੇ ਅੱਗੋਂ ਧੰਨ ਗੁਰੂ ਰਾਮਦਾਸ ਜੀ ਲੰਘੇ ਤੇ ਮੇਰੇ ਕੋਲ ਆ ਕੇ ਮੈਨੂੰ ਕਹਿੰਦੇ, ਸੋਮਿਆ ਅੱਜ ਦੀ ਸਾਰੀ ਵਟਕ ਸਾਨੂੰ ਦੇ ਦੇ, ਮੈਂ ਦੇ ਦਿੱਤੀ। ਹੁਣ ਸੋਚਣ ਵਾਲੀ ਗੱਲ ਹੈ, ਅਗਰ ਕੋਈ ਐਸੀ ਮਾਂ ਹੁੰਦੀ ਜਿਸ ਅੰਦਰ ਸ਼ਰਧਾ ਦਾ ਕਿਣਕਾ ਨਾ ਹੁੰਦਾ, ਉਸਨੇ ਕੱਢ ਕੇ ਚਪੇੜ ਮਾਰਨੀ ਸੀ ਪਰ ਧੰਨ ਭਾਈ ਸੋਮੇ ਦੀ ਮਾਂ, ਗਲਵਕੜੀ ਵਿੱਚ ਲੈ ਕੇ ਹੋਰ ਬੈਟਰੀ ਚਾਰਜ ਕਰ ਦਿੱਤੀ। ਕਹਿੰਦੀ, ਸ਼ੁਕਰ ਹੈ। ਸਾਡੀ ਗੁਰੂ ਘਰ ਨਾਲ ਸਾਂਝ ਪੈ ਗਈ। ਭਾਈ ਸੋਮੇ ਦੀ ਮਾਤਾ ਕਹਿਣ ਲੱਗੀ, ਸੋਮਿਆਂ ਜੇ ਕੱਲ੍ਹ ਵੀ ਗੁਰੂ ਸਾਹਿਬ ਤੇਰੇ ਛਾਬੇ ਦੇ ਅੱਗੋਂ ਲੰਘਣ ਤੇ ਕੱਲ੍ਹ ਦੀ ਵਟਕ ਵੀ ਗੁਰੂ ਸਾਹਿਬ ਜੀ ਨੂੰ ਦੇ ਦੇਵੀਂ। ਜੇ ਨਾ ਲੰਘਣ ਤੇ ਆਪ ਦੇਣ ਚਲਾ ਜਾਵੀਂ। ਐਸੇ ਬੱਚੇ ਭਾਗਾਂ ਵਾਲੇ, ਜਿਨ੍ਹਾਂ ਨੂੰ ਐਸੀਆਂ ਮਾਵਾਂ ਮਿਲੀਆਂ, ਜਿਹੜੀਆਂ ਉਨ੍ਹਾਂ ਦੀ ਸ਼ਰਧਾ ਵਿੱਚ ਹੋਰ ਵਾਧਾ ਕਰਨ। ਬੱਚੇ, ਸੁੱਤੇ ਰਹਿੰਦੇ ਨੇ। ਛੁੱਟੀ ਵਾਲੇ ਦਿਨ, ਫਿਰ ਵੀ ਉਠਾ ਕੇ ਨਿਤਨੇਮ ਕਰਵਾਉਣ। ਉਹ ਮਾਵਾਂ ਧੰਨ, ਜਿਹੜੀਆਂ ਬੱਚਿਆਂ ਨੂੰ ਇਧਰ ਤੋਰਨ। ਆਪਣਾ ਯਤਨ ਕਰੀ ਜਾਵੋ।

ਅਗਲੇ ਦਿਨ ਵੀ ਗੁਰੂ ਸਾਹਿਬ ਲੰਘੇ। ਪੁੱਛਿਆ, ਪੁੱਤਰ ਵਟਕ? ਵਟਕ ਦੇ ਦਿੱਤੀ। ਘਰ ਗਿਆ। ਮਾਂ ਨੇ ਪੁੱਛਿਆ, ਅੱਜ ਕੀ ਬਣਿਆ? ਦੱਸਿਆ, ਮਾਂ ਅੱਜ ਵੀ ਗੁਰੂ ਸਾਹਿਬ ਲੰਘੇ ਸੀ, ਗੁਰੂ ਸਾਹਿਬ ਅੱਜ ਵੀ ਕਹਿਣ ਲੱਗੇ ਸੋਮਿਆ ਲਿਆ ਅੱਜ ਦੀ ਵਟਕ ਸਾਨੂੰ ਦੇ ਦੇ, ਮਾਂ ਮੈਂ ਸਾਰੀ ਵਟਕ ਗੁਰੂ ਸਾਹਿਬ ਨੂੰ ਦੇ ਦਿੱਤੀ। ਮਾਂ ਕਹਿਣ ਲੱਗੀ, ਚੰਗਾ ਕੱਲ੍ਹ ਲੰਘਣਗੇ, ਫਿਰ ਦੇ ਦੇਵੀਂ, ਨਾ ਲੰਘਣ ਤੇ ਆਪ ਦੇਣ ਚਲਾ ਜਾਵੀਂ। ਤੀਸਰੇ ਦਿਨ ਗੁਰੂ ਸਾਹਿਬ ਨਹੀਂ ਲੰਘੇ। ਇਹ ਸ਼ਾਮ ਨੂੰ ਅੰਦਰ ਚਲਾ ਗਿਆ। ਸਤਿਗੁਰੂ ਜੀ ਤਖ਼ਤ 'ਤੇ ਬੈਠ ਜਾਂਦੇ ਸੀ। ਦੋ ਲਾਈਨਾਂ ਲੱਗਦੀਆਂ ਸੀ। ਇੱਕ ਦਿਹਾੜੀ ਲੈਣ ਵਾਲੇ ਤੇ ਇੱਕ ਨਿਸ਼ਕਾਮ ਸੇਵਾ ਕਰਨ ਵਾਲਿਆਂ ਦੀ। ਨਿਸ਼ਕਾਮ ਸੇਵਾ ਕਰਨ ਵਾਲਿਆਂ ਨੂੰ ਪ੍ਰਸ਼ਾਦਿ ਮਿਲਦਾ ਸੀ। ਬਹੁਤ ਸੰਗਤ ਹੁੰਦੀ ਸੀ। ਇਹ ਵੀ ਸੰਗਤ ਦੀ ਭੀੜ ਵਿੱਚੋਂ ਲੰਘਦਾ ਹੋਇਆ ਕੋਲ ਆ ਗਿਆ। ਆ ਕੇ ਸਤਿਗੁਰੁ ਜੀ ਨੂੰ ਕਹਿਣ ਲੱਗਾ, ਪਾਤਸ਼ਾਹ ਜੀ! ਤੁਸੀਂ ਅੱਜ ਵਟਕ ਲੈਣ ਨਹੀਂ ਆਏ। ਮੇਰੀ ਮਾਤਾ ਨੇ ਕਿਹਾ ਸੀ, ਜੇ ਸਤਿਗੁਰੁ ਜੀ ਤੇਰੇ ਕੋਲੋਂ ਵਟਕ ਲੈਣ ਨਾ ਆਏ ਤੇ ਆਪ ਦੇਣ ਚਲਾ ਜਾਵੀਂ। ਬੜਾ ਔਖਾ ਜੇ। ਇਹ ਹੈ ਸ਼ਰਧਾ। ਸਤਿਗੁਰੂ ਜੀ ਮੁਸਕਰਾਏ ਤੇ ਆਪ ਤਲੀ ਅੱਗੇ ਕਰ ਕੇ ਕਹਿੰਦੇ, ਸੋਮਿਆ ਅੱਜ ਦੀ ਵਟਕ ਲਿਆ। ਜਦੋਂ ਵਟਕ ਗੁਰੂ ਸਾਹਿਬ ਦੀ ਤਲੀ ਤੇ ਧਰੀ, ਸਤਿਗੁਰੂ ਜੀ ਕਹਿੰਦੇ, ਸੋਮਿਆ ਸਮਝ ਨਹੀਂ ਆਉਂਦੀ ਤੇਰੀ ਵਟਕ ਦਿਨੋਂ-ਦਿਨ ਘੱਟਦੀ ਕਿਉਂ ਜਾ ਰਹੀ ਹੈ? ਪਹਿਲੇ ਦਿਨ ਸਵਾ ਰੁਪਿਆ, ਦੂਜੇ ਦਿਨ 70 ਪੈਸੇ, ਅੱਜ 40 ਪੈਸੇ। ਸੋਮਾ ਕਹਿਣ ਲੱਗਾ, ਪਾਤਸ਼ਾਹ ਜੀ! ਮੈਂ ਗਰੀਬ ਜੁ ਹੋਇਆ। ਗੁਰੂ ਸਾਹਿਬ ਦਇਆ ਦੇ ਘਰ ਵਿੱਚ ਆ ਗਏ। ਕਹਿੰਦੇ, ਤੂੰ ਗਰੀਬ ਨਹੀਂ, ਤੂੰ ਤੇ ਸ਼ਾਹ ਹੈ। ਸੋਮਾ ਕਹਿੰਦਾ, ਮੈਂ ਸ਼ਾਹ ਨਹੀਂ, ਮੈਂ ਗਰੀਬ ਹਾਂ। ਕਿੰਨੀ ਵਾਰ ਸਤਿਗੁਰੁ ਜੀ ਨੇ ਕਿਹਾ ਕਿ ਸੋਮਿਆ ਤੂੰ ਗਰੀਬ ਨਹੀਂ ਤੂੰ ਸ਼ਾਹ ਹੈ ਇੱਥੇ ਦਾਸ ਇੱਕ ਗੱਲ ਦੱਸ ਦੇਵੇ ਗਿਣਤੀ ਦਾ ਵੀ ਤੁਅੱਲਕ ਹੈ। ਸਤਿਗੁਰੂ ਜੀ ਇਹੀ ਕਹੀ ਗਏ ਤੂੰ ਗਰੀਬ ਨਹੀਂ, ਤੂੰ ਸ਼ਾਹ ਹੈ। ਉਸ ਸਮੇਂ ਕਹਿਣਾ ਬੰਦ ਕੀਤਾ ਜਦੋਂ ਵੇਖਿਆ ਕਿ ਜਨਮਾਂ-ਜਨਮਾਂ ਦੀ ਗਰੀਬੀ ਕੱਟੀ ਗਈ ਹੈ। ਹੁਣ ਸਤਿਗੁਰੁ ਜੀ ਦਾ ਮਨ ਆਇਆ, ਇਸ ਦੇ ਮੂੰਹੋਂ ਕੱਢਵਾਈਏ। ਮਹਾਰਾਜ ਕਹਿਣ ਲੱਗੇ, ਸੋਮਿਆ, ਇੱਕ ਗੱਲ ਦੱਸ। ਜਿਹੜਾ ਕਿਸੇ ਨੂੰ ਮਾਇਆ ਦੇਵੇ, ਉਹ ਸ਼ਾਹ ਹੁੰਦਾ ਹੈ ਕਿ ਜਿਹੜਾ ਲਵੇ ਉਹ ਸ਼ਾਹ ਹੁੰਦਾ ਹੈ? ਸੋਮਿਆ! ਤੂੰ ਸਾਨੂੰ ਮਾਇਆ ਦਿੱਤੀ ਕਿ ਅਸੀਂ ਤੈਨੂੰ ਮਾਇਆ ਦਿੱਤੀ। ਕਹਿਣ ਲੱਗਾ, ਮਹਾਰਾਜ ਜੀ ਮੈਂ ਤੁਹਾਨੂੰ ਮਾਇਆ ਦਿੱਤੀ। ਮਹਾਰਾਜ ਜੀ ਕਹਿੰਦੇ, ਜਦ ਤੂੰ ਸਾਨੂੰ ਮਾਇਆ ਦਿੱਤੀ ਹੈ ਤੇ ਫਿਰ ਅਸੀਂ ਸ਼ਾਹ ਹੋਏ

ਕਿ ਤੂੰ ਸ਼ਾਹ ਹੋਇਆ? ਸੋਮਾ ਭੋਲੇ-ਭਾ ਕਹਿੰਦਾ, ਮੈਂ ਸ਼ਾਹ ਹੋਇਆ। ਗਲਵਕੜੀ 'ਚ ਲੈ ਲਿਆ ਸਤਿਗੁਰੂ ਜੀ ਨੇ ਤੇ ਬਖਸ਼ਿਸ਼ ਕੀਤੀ, ਬਚਨ ਕੀਤਾ, "ਸੋਮਾ ਸ਼ਾਹ, ਸ਼ਾਹਾਂ ਦਾ ਸ਼ਾਹ, ਬੇਪਰਵਾਹ।" ਨਾਲ ਇਹ ਵੀ ਬਚਨ ਕੀਤਾ ਇਹ ਬਖਸ਼ਿਸ਼ ਤੇਰੀਆਂ ਕੁੱਲਾਂ ਤੱਕ ਚੱਲੇਗੀ। ਕਹਿਣ ਤੋਂ ਭਾਵ ਸਿੱਖੀ ਦੇ ਮੂਲ ਦੀ ਨਿਸ਼ਾਨੀ ਮਿਲੀ ਹੈ ਕਿ ਗੁਰੂ ਤੇ ਪੂਰਨ ਸ਼ਰਧਾ ਹੋਵੇ, ਆਪਣੇ ਗੁਰੂ ਵਿੱਚੋਂ ਹੀ ਪਰਮੇਸ਼ਰ ਦੇ ਦਰਸ਼ਨ ਕਰਨੇ ਹਨ। ਜੇ ਇਹ ਸਮਾਂ ਬਣ ਜਾਵੇ ਤੇ ਫਿਰ ਗੁਰੂ ਕਿਰਪਾ ਦੇ ਘਰ ਵਿੱਚ ਆ ਕੇ ਸਿੱਖ ਲਈ ਰਹਿਮਤਾਂ ਦਾ ਮੀਂਹ ਵਰਸਾ ਦਿੰਦਾ ਹੈ।

# ਘਰ ਬੈਠੇ ਕੀਰਤਨ ਸਿੱਖੋ

## ਨੋਟੀਸ਼ਨ : (ਰਾਗ ਗੂਜਰੀ)

ਇਹ ਰਾਗ ਟੋਡੀ ਥਾਟ ਦਾ ਹੈ। ਇਸ ਰਾਗ ਵਿੱਚ ਰੇ ਗਾ ਧਾ ਕੋਮਲ ਮਾ ਤੀਬਰ ਬਾਕੀ ਸ਼ੁਧ ਸੁਰ ਹਨ। ਇਸ ਦੀ ਜਾਤੀ ਛਾਡਵ-ਛਾਡਵ ਹੈ। ਗਾਣ ਦਾ ਸਮਾਂ ਦਿਨ ਦਾ ਦੂਜਾ ਪਹਰ ਹੈ। ਵਾਦੀ ਸੁਰ ਧਾ ਸੰਵਾਦੀ ਰੇ ਹੈ।

*ਅਰੋਹੀ :- ਸਾ ਰੇ ਗਾ ਮਾ ਧਾ ਨੀ ਸਾਂ*

*ਅਵਰੋਹੀ :- ਸਾਂ ਨੀ ਧਾ ਮਾ ਧਾ ਮਾ ਗਾ ਰੇ ਗਾ ਰੇ ਸਾ*

*ਪਕੜ :- ਨ਼ੀ ਸਾ ਧ਼ਾ ਨ਼ੀ ਸਾ, ਰੇ ਗਾ, ਮਾ ਧਾ ਮਾ ਗਾ ਰੇ, ਗਾ ਰੇ ਸਾ*

*ਸ਼ਬਦ : ਸੋ ਦਰੁ ਕੈਸੇ ਛੋਡੀਐ.... ਰਾਗ-ਗੂਜਰੀ- ਤਾਲ ਕਹਿਰਵਾ ਠੇਕਾ*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਅੰਗ 1367) ਸਲੋਕ ਕਬੀਰ ਜੀਓ*

| | | | | | |
|---|---|---|---|---|---|
| ਅਸਥਾਈ : | ਸੋ ਦਰੁ | ਕੈ ꣲ ਸੇ ꣲ | ਛੋ ꣲ ꣲ ਡੀ | ਐ ꣲ ꣲ ꣲ ꣲ | |
| | ਧ਼ਾ ਸਾ ਸਾ | ਸਾ ਸਾ ਰੇ ਸਾ | ਗਾ ਗਾ ਗਾ ਗਾ | ਗਾ ਗਾ ਗਾ ਗਾ ਗਾ | |
| | ਜੋ ਦਰੁ | ਐ ꣲ ਸਾ ꣲ | ਹੋ ꣲ ꣲ ꣲ | ਏ ꣲ ꣲ ꣲ ꣲ | |
| | ਮਾ ਮਾ ਮਾ | ਗਾ ਰੇ ਗਾ ਰੇ | ਸਾ ਸਾ ਸਾ ਰੇ | ਸਾ ਸਾ ਨ਼ੀ ਧ਼ਾ ਧ਼ਾ | |
| | ਜੋ ਦਰੁ | ਐ ꣲ ਸਾ ꣲ | ਹੋ ꣲ ꣲ ꣲ ꣲ | ਇ ꣲ ꣲ ꣲ ꣲ | |
| | ਧ਼ਾ ਸਾ ਸਾ | ਰੇ ਗਾ ਰੇ ਸਾ | ਸਾ ਸਾ ਸਾ ਰੇ | ਸਾ ਸਾ ਸਾ ਸਾ ਸਾ | |
| ਅੰਤਰਾ : | ਕਬੀਰ | ਜਿਹ | ਦਰਿ | ਆ ꣲ ਵਤ | ਜਾਤਿਅਹੁ ꣲ |
| | ਮਾ ਮਾ ਮਾ | ਧਾ ਧਾ | ਮਾ ਧਾ | ਸਾਂ ਸਾਂ ਸਾਂ ਰੇਂ | ਸਾਂ ਸਾਂ ਸਾਂ ਸਾਂ ਸਾਂ |
| | ਹਟ ਕੈ | ਨਾ ꣲ ਹੀ ꣲ | ਕੋ ꣲ ꣲ ꣲ | ਇ ꣲ ꣲ ꣲ ꣲ | |
| | ਗਾਂ ਗਾਂ ਗਾਂ | ਰੇਂ ਗਾਂ ਰੇਂ ਸਾਂ | ਸਾਂ ਸਾਂ ਸਾਂ ਰੇਂ | ਸਾਂ ਸਾਂ ਨੀ ਧਾ ਧਾ | |
| | ਹਟ ਕੈ | ਨਾ ꣲ ਹੀ ꣲ | ਕੋ ꣲ ꣲ ꣲ | ਇ ꣲ ꣲ ꣲ ꣲ | |
| | ਧਾ ਧਾ ਧਾ | ਮਾ ਗਾ ਰੇ ਗਾ | ਰੇ ਰੇ ਸਾ ਸਾ | ਸਾ ਸਾ ਨ਼ੀ ਧ਼ਾ ਧ਼ਾ | |
| | ਹਟ ਕੈ | ਨਾ ꣲ ਹੀ ꣲ | ਕੋ ꣲ ꣲ ꣲ | ਇ ꣲ ꣲ ꣲ ꣲ | |
| | ਧ਼ਾ ਸਾ ਸਾ | ਰੇ ਗਾ ਰੇ ਸਾ | ਸਾ ਸਾ ਸਾ ਰੇ | ਸਾ ਸਾ ਸਾ ਸਾ ਸਾ | |

*ਦਾਸ : ਹਰਦੇਵ ਸਿੰਘ ਦੀਵਾਨਾ*

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : 98765-25822*

# ਅਧਿਆਤਮਿਕ ਵਿਚਾਰਾਂ

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

469 ਪਰਮਾਤਮਾ ਜਦੋਂ ਕਿਸੇ ਨਾਲ ਰੁੱਠ ਜਾਵੇ ਤਾਂ ਉਸਦਾ ਰਿਜ਼ਕ ਨਹੀਂ ਖੋਂਹਦਾ, ਸੂਰਜ ਨੂੰ ਇਹ ਨਹੀਂ ਕਹਿੰਦਾ ਇਸਦੇ ਘਰ ਰੌਸ਼ਨੀ ਨਹੀਂ ਦੇਣੀ, ਚੰਦਰਮਾ ਨੂੰ ਇਹ ਨਹੀਂ ਕਹਿੰਦਾ, ਇਸਨੂੰ ਠੰਡਕ ਨਹੀਂ ਦੇਣੀ, ਹਵਾ ਨੂੰ ਇਹ ਨਹੀਂ ਕਹਿੰਦਾ, ਇਸ ਨੂੰ ਆਕਸੀਜਨ ਨਹੀਂ ਦੇਣੀ ਬਲਕਿ ਜਦੋਂ ਤੁਹਾਡਾ ਅੰਮ੍ਰਿਤ ਵੇਲੇ ਟੁੱਟ ਜਾਵੇ, ਗੁਰਬਾਣੀ ਪੜ੍ਹਨ ਦਾ ਸਮਾਂ ਹੀ ਨਾ ਲੱਗੇ, ਸਤਿਸੰਗਤ ਵਿੱਚ ਜਾਣ ਦੀ ਰੁਟੀਨ ਟੁੱਟ ਜਾਵੇ ਤਾਂ ਪ੍ਰਮਾਤਮਾ ਦੇ ਰੁੱਠ ਜਾਣ ਦੀ ਅਸਲੀ ਨਿਸ਼ਾਨੀ ਇਹ ਹੈ।

470 ਜਦੋਂ ਤੁਹਾਡਾ ਟੁੱਟਿਆ ਹੋਇਆ ਅੰਮ੍ਰਿਤ ਵੇਲਾ ਸੰਗਤ 'ਚੋਂ ਬਚਨ ਸੁਣ ਕੇ ਦੁਬਾਰਾ ਬਣ ਜਾਵੇ ਤਾਂ ਸਮਝ ਲਵੋ ਗੁਰੂ ਸਾਹਿਬ ਦੀ ਅਸਲੀ ਖੁਸ਼ੀ ਪ੍ਰਾਪਤ ਹੋ ਗਈ ਹੈ।

471 ਅਸੀਂ ਬੱਚਿਆਂ ਨੂੰ ਇਹ ਸਿੱਖਿਆ ਦਿੰਦੇ ਹਾਂ ਪੜ੍ਹਾਈ ਕਰੋ ਚੰਗੀ ਨੌਕਰੀ ਮਿਲੇਗੀ ਪਰ ਇਸਦੇ ਨਾਲ-ਨਾਲ ਇਹ ਵੀ ਸਿੱਖਿਆ ਦੇਈਏ ਨਿਤਨੇਮ, ਗੁਰਬਾਣੀ ਦਾ ਲੜ ਨਾ ਛੱਡਣਾ। ਨੌਕਰੀ ਮਿਲਣੀ ਤਾਂ ਇੱਕ ਪਾਸੇ ਕਈ ਬੰਦੇ ਤੇਰੇ ਥੱਲੇ ਨੌਕਰੀ ਕਰਨ ਲੱਗ ਜਾਣਗੇ। *—ਭਾਈ ਰਾਮਾ ਸਿੰਘ ਜੀ ਅਖੰਡ ਕੀਰਤਨੀ ਜੱਥਾ*



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

ਗੁਰੂ ਨਾਨਕ ਦੇਵ ਜੀ ਦਾ ਘਰ ਸਾਰੀ ਦੁਨੀਆਂ ਦਾ ਸਾਂਝਾ ਹੈ। ਇੱਥੇ ਜਾਤ-ਪਾਤ, ਅਮੀਰ-ਗਰੀਬ ਦਾ ਕੋਈ ਭੇਦ ਨਹੀਂ ਹੈ ਭਾਵ ਕਿਸੇ ਵੀ ਦੇਸ਼ ਦਾ, ਕਿਸੇ ਵੀ ਅਕੀਦੇ ਵਾਲਾ ਗੁਰੂ ਘਰ ਵਿੱਚ ਆ ਸਕਦਾ ਹੈ, ਪਰ ਮਰਿਆਦਾ ਵਿੱਚ ਭਾਵ ਸਿਰ ਢੱਕ ਕੇ ਆਵੇ, ਜਗਤ ਜੂਠ ਵਰਗਾ ਨਖਿੱਧ ਪਦਾਰਥ ਨਾ ਵਰਤਿਆ ਹੋਵੇ, ਅਦਬ ਵਿੱਚ ਆਵੇ।

ਸਾਲ 1939 ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਤੇ ਬਾਬਾ ਜੀ ਨੇ ਰਾਤ ਨੌਂ ਵਜੇ ਤੋਂ ਅੰਮ੍ਰਿਤ ਵੇਲੇ ਤੱਕ ਨਿਰੋਲ ਕੀਰਤਨ ਕੀਤਾ। ਜਿੱਥੇ ਪੰਡਾਲ ਵਿੱਚ ਗੁਰੂ ਸਾਹਿਬ ਜੀ ਦੇ ਪਿਆਰ ਵਿੱਚ ਜੁੜੀ ਬੈਠੀ ਸੰਗਤ ਰਸ ਮਾਣ ਰਹੀ ਸੀ ਉੱਥੇ ਮਹਾਂਪੁਰਸ਼ਾਂ ਦੀ ਮਿੱਠੀ, ਰਸ ਭਿੰਨੀ ਅਵਾਜ਼ ਆਸੇ-ਪਾਸੇ ਦੇ ਪਿੰਡਾਂ ਵਿੱਚ ਜਿੱਥੋਂ ਤੱਕ ਸੁਣੀ ਜਾ ਸਕਦੀ ਸੀ ਸੁਣਨ ਵਾਲਿਆਂ ਦੇ ਹਿਰਦਿਆਂ ਵਿੱਚ ਰੂਹਾਨੀ ਵਲਵਲੇ ਜਗਾ ਰਹੀ ਸੀ।

ਪਿੰਡ ਹਾਂਸ ਵਿੱਚ ਇੱਕ ਮੁਸਲਮਾਨ ਪ੍ਰੇਮੀ ਦੇ ਕੰਨਾਂ ਤੱਕ ਅਵਾਜ਼ ਪਹੁੰਚ ਰਹੀ ਸੀ। ਮਿਸਟਰ ਯੂ ਕਰਾਮਤ ਦੇ ਨਾਮ ਨਾਲ ਜਾਣਿਆ ਜਾਂਦਾ ਇਹ ਸਖਸ਼ ਕਸੂਰ ਸ਼ਹਿਰ ਦਾ ਬਸ਼ਿੰਦਾ ਸੀ ਅਤੇ ਸਿੱਖਿਆ ਵਿਭਾਗ ਵੱਲੋਂ ਪੰਜ ਜ਼ਿਲ੍ਹਿਆਂ ਵਿੱਚ ਸਕੂਲਾਂ ਦਾ ਇੰਸਪੈਕਟਰ ਲੱਗਿਆ ਹੋਇਆ ਸੀ। ਸਕੂਲਾਂ ਵਿੱਚ ਜਾ ਕੇ ਬੱਚਿਆਂ ਦੀ ਪੜ੍ਹਾਈ ਅਤੇ ਸਕੂਲ ਪ੍ਰਬੰਧ ਆਦਿ ਨਿਰੀਖਣ ਕਰਨਾ ਇਸਦੀ ਡਿਊਟੀ ਸੀ। ਅੱਜ ਉਸਨੇ ਹਾਂਸ ਸਕੂਲ ਦਾ ਨਿਰੀਖਣ ਕੀਤਾ ਸੀ। ਰਾਤ ਪਿੰਡ ਵਿੱਚ ਹੀ ਮਾਸਟਰ ਸੋਮਨਾਥ ਪਾਸ ਰੁੱਕ ਗਿਆ। ਸੋਮਨਾਥ ਸਕੂਲ ਵਿੱਚ ਅਧਿਆਪਕ ਸੀ। ਪਿੰਡ ਉਸ ਦਾ ਪੋਹੀੜਸੀ ਸੀ ਪਰ ਹਾਂਸ ਵਿਖੇ ਰਹਿ ਰਿਹਾ ਸੀ।

ਯੂ ਕਰਾਮਤ ਦਾ ਸੰਬੰਧ ਬੁੱਲ੍ਹੇ ਸ਼ਾਹ ਦੇ ਖਾਨਦਾਨ ਨਾਲ ਸੀ। ਪਰਮਾਰਥ ਵੱਲ ਵੀ ਰੁਚੀ ਸੀ। ''ਇਹ ਅਵਾਜ਼ ਕਿੱਥੋਂ ਆਉਂਦੀ ਹੈ?'' ਉਸ ਨੇ ਮਾਸਟਰ ਸੋਮਨਾਥ ਨੂੰ ਪੁੱਛਿਆ।

''ਜਨਾਬ! ਇਹ ਰਾੜੇ ਵਾਲੇ ਸੰਤ ਕੀਰਤਨ ਕਰਦੇ ਨੇ। ਇੱਥੋਂ ਡੇਢ ਕੁ ਮੀਲ ਅਸਥਾਨ ਹੈ। ਪੂਰੇ ਸੰਤ ਨੇ। ਬਹੁਤ ਤੇਜ ਪ੍ਰਤਾਪ ਹੈ ਉਨ੍ਹਾਂ ਦਾ।'' ਸੋਮਨਾਥ ਨੇ ਦੱਸਿਆ।

ਯੂ ਕਰਾਮਤ ਸਾਧੂਆਂ-ਸੰਤਾਂ, ਪੀਰਾਂ-ਫਕੀਰਾਂ ਨੂੰ ਮਿਲਦਾ ਰਹਿੰਦਾ ਸੀ। ਪਰਮਾਰਥ ਦਾ ਗਾਹਕ ਸੀ। ''ਮਾਸਟਰ ਜੀ! ਸਵੇਰੇ ਮੈਨੂੰ ਵੀ ਲੈ ਕੇ ਚੱਲੋ ਉਨ੍ਹਾਂ ਕੋਲ।'' ਅਗਲੇ ਸਵੇਰ ਦੋਵੇਂ ਜਣੇ ਕਰਮਸਰ ਅਸਥਾਨ ਤੇ ਆ ਪੁੱਜੇ। ਬਾਬਾ ਕਿਸ਼ਨ ਸਿੰਘ ਜੀ ਨੂੰ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਬੇਨਤੀ ਕੀਤੀ।

''ਬੱਸ ਮੈਂ ਪੀਰ ਜੀ ਦੇ ਦੀਦਾਰ ਹੀ ਕਰਨੇ ਹਨ ਕੋਈ ਅਰਜ਼ ਨਹੀਂ ਕਰਾਂਗਾ।'' ਬਾਬਾ ਕਿਸ਼ਨ ਸਿੰਘ ਨੇ ਭਾਈ ਇੰਦਰ ਸਿੰਘ ਨੂੰ ਬੁਲਾ ਕੇ ਉਨ੍ਹਾਂ ਨਾਲ ਭੇਜ ਦਿੱਤਾ। ਭਾਈ ਇੰਦਰ ਸਿੰਘ ਨੇ ਉਨ੍ਹਾਂ ਨੂੰ ਪਿੱਛੇ ਰੋਕ ਕੇ ਪਹਿਲਾਂ ਮਹਾਂਪੁਰਸ਼ਾਂ ਪਾਸੋਂ ਆਗਿਆ ਲਈ ਅਤੇ ਫਿਰ ਯੂ ਕਰਮਾਤ ਤੇ ਸੋਮਨਾਥ ਨੂੰ ਮਹਾਂਪੁਰਸ਼ਾਂ ਪਾਸ ਜਾਣ ਦਾ ਇਸ਼ਾਰਾ ਕਰ ਦਿੱਤਾ। ਦੋਵੇਂ ਆਪਣੀ ਭਾਵਨਾ ਅਨੁਸਾਰ ਸਤਿਕਾਰ ਪ੍ਰਗਟਾਅ ਕੇ ਬੈਠ ਗਏ। ਯੂ ਕਰਾਮਤ ਨੂੰ ਦਰਸ਼ਨਾਂ ਦਾ ਐਸਾ ਰਸ ਆਇਆ ਕਿ ਜਦ ਕੁਝ ਸਮੇਂ ਬਾਅਦ ਮਹਾਂਪੁਰਸ਼ਾਂ ਦੇ ਇਸ਼ਾਰਾ ਕਰਨ ਤੇ ਸੇਵਾਦਾਰ ਨੇ

ਉਨ੍ਹਾਂ ਨੂੰ ਜਾਣ ਲਈ ਕਿਹਾ ਤਾਂ ਉਨ੍ਹਾਂ ਦਾ ਮਨ ਉੱਠਣ ਤੋਂ ਇਨਕਾਰੀ ਹੋ ਗਿਆ।

''ਕੁਝ ਦੇਰ ਹੋਰ ਪੀਰ ਜੀ ਦਾ ਦੀਦਾਰ ਕਰ ਲੈਣ ਦਿਓ।'' ਉਸ ਨੇ ਕਿਹਾ। ਉਸਨੂੰ ਐਸੇ ਟਿਕਾਓ ਦਾ ਅਨੁਭਵ ਹੋ ਰਿਹਾ ਸੀ ਕਿ ਦਿਲ ਕਰਦਾ ਸੀ ਇਥੇ ਹੀ ਬੈਠਾ ਰਹਾਂ। ਭਾਵੇਂ ਦਰਸ਼ਨਾਂ ਦੀ ਆਗਿਆ ਇਹ ਕਹਿ ਕੇ ਲਈ ਸੀ ਕਿ ਕੋਈ ਬੇਨਤੀ ਨਹੀਂ ਕਰਨੀ, ਪਰ ਹੁਣ ਮਨ ਦੀ ਗੰਢ ਖੋਲ੍ਹਣਾ ਚਾਹੁੰਦਾ ਸੀ।

''ਕੁਝ ਕਹਿਣਾ ਹੈ ਇੱਕ-ਦੋ ਮਿੰਟ ਬਚਨ ਕਰ ਲੈ।'' ਬਾਬਾ ਜੀ ਨੇ ਉਸਦੀ ਭਾਵਨਾ ਦੇਖਦਿਆਂ ਕਿਹਾ। ''ਪੀਰ ਜੀ ! ਮੈਂ ਪੰਜ ਵਕਤ ਦਾ ਨਿਮਾਜ਼ੀ ਹਾਂ। ਰੋਜ਼ੇ ਵੀ ਰੱਖਦਾ ਹਾਂ। ਕੁਰਾਨ ਸ਼ਰੀਫ ਦੀਆਂ ਆਇਤਾਂ ਦਾ ਪਾਠ ਵੀ ਕਰਦਾ ਹਾਂ, ਪਰ ਮਨ ਨੂੰ ਸ਼ਾਂਤੀ ਨਹੀਂ ਆਈ।'' ਉਸਨੇ ਅਰਜ਼ ਕੀਤੀ।

''ਤੁਹਾਡਾ ਮੁਰਸ਼ਦ ਕੌਣ ਹੈ? ਬਾਬਾ ਜੀ ਨੇ ਪੁੱਛਿਆ। ''ਪੀਰ ਜੀ ਮੁਰਸ਼ਦ ਤਾਂ ਮੈਂ ਧਾਰਨ ਨਹੀਂ ਕੀਤਾ। ਮੇਰਾ ਅਕੀਦਾ ਤਾਂ ਇਹ ਹੈ ਕਿ ਮੁਰਸ਼ਦ ਨੇ ਬਦ ਅਮਲ ਤੋਂ ਪਰਹੇਜ਼ ਦੱਸਣਾ ਹੁੰਦਾ ਹੈ। ਜੇ ਬੰਦਾ, ਖੁਦ ਹੀ ਬਦ ਅਮਲਾਂ ਤੋਂ ਬਚ ਜਾਵੇ, ਇਮਾਨ ਤੇ ਪੱਕਾ ਰਹੇ, ਫਿਰ ਮੁਰਸ਼ਦ ਧਾਰਨ ਦੀ ਕੀ ਲੋੜ ਹੈ।'' ਉਸਨੇ ਆਪਣਾ ਨਿਸ਼ਚਾ ਦੱਸਿਆ। ਅਕੀਦੇ ਵਿੱਚ ਵਿਚਾਰ ਧਾਰਾਵਾਂ ਵਿੱਚ ਅਕਸਰ ਫਰਕ ਦੇਖਣ ਨੂੰ ਮਿਲਦਾ ਹੈ। ਜਦ ਗੱਲ ਰੂਹਾਨੀਅਤ ਦੀ ਹੋਵੇ ਸਾਰ ਤੱਤ ਇੱਕੋ ਹੀ ਹੋਇਆ ਕਰਦਾ ਹੈ।

ਜਰਗ ਪਿੰਡ ਵਿੱਚ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ ਜਾਣੀ ਸੀ। ਪਿੰਡ ਵਾਸੀਆਂ ਨੇ ਰਾੜਾ ਸਾਹਿਬ ਆ ਕੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਪਿੰਡ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਨ ਦਾ ਬਚਨ ਕੀਤਾ। 15 ਅਕਤੂਬਰ 1935 ਨੂੰ ਨੀਂਹ ਰੱਖੇ ਜਾਣਾ ਨੀਯਤ ਹੋਇਆ। 13 ਅਕਤੂਬਰ ਬਾਬਾ ਜੀ ਜੱਥੇ ਸਮੇਤ ਜਰਗ ਆ ਗਏ। ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋ ਗਏ। ਮਹਾਂਪੁਰਸ਼ਾਂ ਨੇ ਦੀਵਾਨ ਵਿੱਚ ਰੂਹਾਨੀ ਕੀਰਤਨ ਕੀਤਾ। 14 ਅਕਤੂਬਰ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਜਲ ਪਾਣੀ ਵਰਤ ਕੇ ਬਾਬਾ ਜੀ ਸੈਰ ਲਈ ਪਿੰਡ ਤੋਂ ਬਾਹਰਵਾਰ ਨਹਿਰ ਵੱਲ ਚਲੇ ਗਏ। ਨਹਿਰ ਦੀ ਪਟੜੀ ਤੇ ਇੱਕ ਰੂਹਾਨੀਅਤ ਦਾ ਪਾਂਧੀ ਮਿਲ ਗਿਆ। ਉਸਨੇ ਦੱਸਿਆ ਕਿ ਉਹ ਇੱਕ ਵਾਰ ਕਰਮਸਰ ਰਾੜਾ ਸਾਹਿਬ ਵੀ ਗਿਆ ਸੀ ਅਤੇ ਦੀਵਾਨ ਵਿੱਚ ਬੈਠ ਕੇ ਕੀਰਤਨ ਵੀ ਸਰਵਣ ਕੀਤਾ ਸੀ। ਉਸਨੇ ਮਹਾਂਪੁਰਸ਼ਾਂ ਦੇ ਸਤਿਕਾਰ ਵਿੱਚ ਪਿਆਰ ਦੇ ਬਚਨ ਕੀਤੇ। ਰੂਹਾਨੀਅਤ ਦੇ ਬਚਨ ਤਾਂ ਚਲੇ ਪਰ ਬਾਬਾ ਜੀ ਨੇ ਉਸਨੂੰ ਪੁੱਛ ਲਿਆ ਕਿ ਉਸਦੇ ਧਰਮ ਜਾਂ ਸੰਪਰਦਾ ਵਿੱਚ ਗੁਰੂ ਜਾਂ ਮੁਰਸ਼ਦ ਧਾਰਨ ਕਰਨ ਬਾਰੇ ਕੀ ਵਿਚਾਰ ਹਨ? ਉਸਨੇ ਆਪਣੀ ਖੋਜ ਅਤੇ ਅਕੀਦਾ ਦੱਸਿਆ ਕਿ ਉਸਦੇ ਧਰਮ ਵਿੱਚ ਵੀ ਰੂਹਾਨੀਅਤ ਲਈ ਮੁਰਸ਼ਦ ਧਾਰਨ ਕਰਨ ਲਈ ਕਿਹਾ ਗਿਆ ਹੈ ਕੱਟੜ ਲੋਕ ਇਸਦਾ ਖੰਡਨ ਕਰਦੇ ਹਨ। ਸੋ ਅਕੀਦਿਆਂ ਵਿੱਚ ਫਰਕ ਹੋ ਸਕਦਾ ਹੈ ਪਰ ਰੂਹਾਨੀਅਤ ਦੇ ਮੰਡਲ ਵਿੱਚ ਦਾਖਲ ਹੋਣ ਲਈ ਪੂਰੇ ਮੁਰਸ਼ਦ ਦੀ ਲੋੜ ਲਾਜ਼ਮੀ ਤੌਰ ਤੇ ਹੈ।

ਅੱਜ ਯੂ ਕਰਾਮਤ ਨੇ ਆਪਣਾ ਅਕੀਦਾ ਦੱਸਿਆ ਤਾਂ ਮਹਾਂਪੁਰਸ਼ਾਂ ਨੇ ਬਚਨ ਕੀਤਾ, ''ਨੇਕ ਅਮਲ ਕਰਨੇ ਚੰਗੀ ਗੱਲ ਹੈ, ਪਰ ਪੂਰੇ ਗੁਰੂ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦੀ। ਬਾਬਾ ਫਰੀਦ ਜੀ ਨੇ 36 ਸਾਲ ਤਪੱਸਿਆ ਕੀਤੀ, ਜੋਹਦ ਕੀਤਾ ਪਰ ਜਦੋਂ ਮੁਰਸ਼ਦ ਧਾਰਨ ਕੀਤਾ, ਮੁਰਸ਼ਦ ਦੀ ਸੇਵਾ ਕਮਾਈ, ਖੁਸ਼ੀਆਂ ਪ੍ਰਾਪਤ ਕੀਤੀਆਂ, ਫਿਰ ਮਨ ਨੂੰ ਸ਼ਾਂਤੀ ਆਈ, ਉਸ ਵੇਲੇ ਬ੍ਰਹਮ ਗਿਆਨ ਪ੍ਰਾਪਤ ਹੋਇਆ। ਸਾਰੇ ਹੀ ਧਰਮ ਗ੍ਰੰਥ ਉਪਦੇਸ਼ ਕਰਦੇ ਹਨ ਕਿ ਰੂਹਾਨੀਅਤ ਦੇ ਰਸਤੇ ਤੇ ਚੱਲਣ ਲਈ ਗੁਰੂ ਧਾਰਨਾ, ਮੁਰਸ਼ਦ ਧਾਰਨਾ ਅਤਿਅੰਤ ਜ਼ਰੂਰੀ ਹੈ। ਕੋਈ ਦੁਨਿਆਵੀਂ ਕੰਮ ਵੀ ਸਿੱਖਣਾ ਹੋਵੇ, ਸਿੱਖਿਆਂ ਹੋਇਆਂ ਕੋਲ ਜਾਣਾ ਪੈਂਦਾ ਹੈ। ਇਵੇਂ ਹੀ ਪਰਮੇਸ਼ਰ ਨੂੰ, ਖੁਦਾ ਨੂੰ ਮਿਲਣਾ ਹੈ ਤਾਂ ਮਿਲਿਆਂ ਹੋਇਆਂ ਪਾਸ ਜਾਣਾ ਹੀ ਪਵੇਗਾ। ਜਿੰਨੇ ਵੀ ਪੀਰ, ਅਵਤਾਰ, ਸਤਿਪੁਰਖ ਆਦਿ ਹੋਏ ਹਨ, ਸਭ ਨੇ ਗੁਰੂ

ਧਾਰਨ ਕੀਤਾ ਹੈ। ਹਜ਼ਰਤ ਈਸਾ ਜੀ ਨੇ ਯੂਹੰਨਾ ਤੋਂ ਬਪਤਿਸਮਾ ਲਿਆ। ਸੂਫੀ ਫਕੀਰ ਜਿੰਨੇ ਹੋਏ ਹਨ ਸਾਰਿਆਂ ਦਾ ਜੀਵਨ ਪੜ੍ਹ ਲਵੋ, ਸਾਰਿਆਂ ਨੇ ਮੁਰਸ਼ਦ ਧਾਰਨ ਕੀਤਾ ਹੈ।''

ਬਾਬਾ ਜੀ ਨੇ ਧਰਮ ਗ੍ਰੰਥਾਂ, ਸੰਤਾਂ, ਭਗਤਾਂ ਅਤੇ ਫਕੀਰਾਂ ਦੇ ਜੀਵਨ ਵਿੱਚੋਂ ਪ੍ਰਮਾਣ ਦੇ ਕੇ ਵਿਸਥਾਰ ਨਾਲ ਯੂ ਕਰਾਮਤ ਨੂੰ ਸਮਝਾਇਆ। ਭਾਵੇਂ ਉਹ ਆਪ ਬੁੱਲ੍ਹੇ ਸ਼ਾਹ ਦੇ ਖਾਨਦਾਨ ਨਾਲ ਸ ਬੰਧ ਰੱਖਦਾ ਸੀ ਅਤੇ ਮਹਾਂਪੁਰਸ਼ਾਂ ਦੇ ਬਚਨ ਦਿਲ ਵਿੱਚ ਉੱਤਰ ਰਹੇ ਸਨ ਪਰ ਸ਼ੰਕੇ ਦੇ ਬੀਜ ਗਹਿਰੇ ਸਨ।

ਸਮਾਂ ਕਾਫੀ ਹੋ ਗਿਆ ਸੀ ਜਿਸ ਦਾ ਅਹਿਸਾਸ ਕਰਦਿਆਂ ਸੇਵਾਦਾਰ ਨੇ ਉਸਨੂੰ ਇਸ਼ਾਰਾ ਕੀਤਾ। ਮਹਾਂਪੁਰਸ਼ਾਂ ਤੋਂ ਆਗਿਆ ਲੈ ਕੇ ਉਹ ਮਾਸਟਰ ਸੋਮਨਾਥ ਨਾਲ ਪਿੰਡ ਹਾਂਸ ਆ ਗਿਆ। ਉਸ ਰਾਤ ਵੀ ਉਹ ਮਾਸਟਰ ਸੋਮਨਾਥ ਪਾਸ ਹੀ ਰਿਹਾ। ਪਹਿਲਾਂ ਤਾਂ ਦੇਰ ਰਾਤ ਤੱਕ ਉਸ ਨੂੰ ਨੀਂਦ ਹੀ ਨਾ ਆਈ। ਮਹਾਂਪੁਰਸ਼ਾਂ ਦੇ ਮਿੱਠੇ ਬਚਨ ਯਾਦ ਆਉਂਦੇ ਤਾਂ ਦਿਲ ਆਖਦਾ ਕਿ ਮਹਾਂਪੁਰਸ਼ਾਂ ਦੇ ਬਚਨ ਸਤ ਸਨ, ਪਰ ਦਿਮਾਗ ਸ਼ੰਕਾ ਕਰਦਿਆਂ ਆਪਣੀਆਂ ਦਲੀਲਾਂ ਦੇਣ ਲੱਗਦਾ। ਪਾਸੇ ਪਰਤਦਿਆਂ ਅੱਧੀ ਰਾਤ ਲੰਘ ਗਈ ਤਾਂ ਪਲਕਾਂ ਭਾਰੀ ਹੋਣ ਲੱਗੀਆਂ। ਨੀਂਦ ਆ ਗਈ ਪਰ ਥੋੜ੍ਹੀ ਦੇਰ ਬਾਅਦ ਤ੍ਰਬਕ ਕੇ ਉੱਠਿਆ। ਐਸਾ ਸੁਪਨ ਦ੍ਰਿਸ਼ਟਾਂਤ ਹੋਇਆ ਕਿ ਦਿਲ ਕੰਬ ਗਿਆ। ਅਗਲੀ ਸਵੇਰ ਸੁਵਖਤੇ ਹੀ ਕਰਮਸਰ ਰਾੜਾ ਸਾਹਿਬ ਵੱਲ ਤੁਰ ਪਿਆ।

*—ਚਲਦਾ*

---

*ਪੰਨਾ 16 ਦਾ ਬਾਕੀ ਹਿੱਸਾ—*

ਉਹ ਕਹਿਣ ਲੱਗੇ, ਕਿਉਂ ਧੰਨ ਕਹਿ ਰਹੇ ਹੋ? ਉਹ ਕਹਿਣ ਲੱਗੇ, ਬੇਬੇ ਨਾਨਕੀ ਜੀ, ਜਿਸ ਕਮਰੇ ਵਿੱਚ ਤੁਸੀਂ ਰਹਿੰਦੇ ਹੋ, ਇਸ ਵਿੱਚੋਂ ਮੈਨੂੰ ਨਾਮ ਹੀ ਨਾਮ ਦੀ ਖੁਸ਼ਬੂ ਆਈ ਜਾ ਰਹੀ ਹੈ। ਇਹ ਬੀਬੀਓ, ਇਨਕਲਾਬ ਲਿਆਓ। ਗੁਰੂ ਨਾਨਕ ਸਾਹਿਬ ਕਹਿੰਦੇ, ਨਾਮ ਦੀ ਵਾਇਬਰੇਸ਼ਨ, ਤੁਹਾਡੇ ਕਮਰੇ ਵਿੱਚ ਨਾਮ ਹੀ ਨਾਮ ਹੈ। ਹੁਣ ਇੱਥੇ ਗੁਰੂ ਨਾਨਕ ਸਾਹਿਬ ਨੇ ਇੱਕ ਗੱਲ ਕਹੀ। ਬੇਬੇ ਜੀ, ਤੁਹਾਡੀ ਮੁਸ਼ੱਕਤ ਥਾਂਏ ਪਈ ਹੈ। ਹੁਣ ਤੁਹਾਡੀ ਵਾਹਿਗੁਰੂ ਦੇ ਦੇਸ਼ ਜਾਣ ਦੀ ਤਿਆਰੀ ਹੈ। ਅਸੀਂ ਅਜੇ ਨਿਰੰਕਾਰ ਦੇ ਕਾਰਜ ਕਰਨੇ ਹਨ। ਕੁਝ ਸਮੇਂ ਤੱਕ ਤੁਹਾਡੀ ਤਿਆਰੀ ਹੈ। ਭੈਣ ਨੂੰ ਜਾਣ ਲੱਗਿਆਂ, ਕੀ ਕਿਹਾ? ਕਰਤਾਰ ਦੀ ਯਾਦ ਵਿੱਚ ਰਹਿਣਾ ਹੈ। ਦੂਜੇ ਲਫਜ਼ ਕਹੇ, ਸਿਮਰਨ ਸਭ ਤੋਂ ਉੱਚੀ ਦਾਤ ਹੈ। ਹੋਰ ਕੀ ਕਿਹਾ? ਸਿਮਰਨ ਜਿਹੜਾ ਹੈ, ਇਹ ਪ੍ਰੇਮ ਦਾ ਪ੍ਰਕਾਸ਼ ਹੈ। ਉਹ ਪਰਮਾਤਮਾ ਦਾ ਪ੍ਰਕਾਸ਼ ਹੈ। ਇਸ ਸਿਮਰਨ ਰੂਪੀ ਪ੍ਰਕਾਸ਼ ਨੂੰ ਨਾ ਛੱਡਣਾ। ਇਹ ਪ੍ਰਕਾਸ਼ ਪ੍ਰੇਮ ਵਿੱਚ ਲੈ ਜਾਣਾ ਤੇ ਪ੍ਰੇਮ ਆਪ ਹੀ ਨਿਰੰਕਾਰ ਹੈ। ਸੰਗਤ ਜੀ, ਜਿਹੜੀ ਰਬਾਬ ਬਾਬਾ ਜੀ ਦੀ ਸੀ, ਗੁਰੂ ਨਾਨਕ ਮਹਾਰਾਜ ਜੀ ਨੇ ਉਸ ਦੀ ਭੇਟਾ, ਉਸ ਦੀ ਮਾਇਆ ਆਪ ਭੈਣ ਨਾਨਕੀ ਜੀ ਕੋਲੋਂ ਦਿਵਾਈ ਸੀ। ਬੇਬੇ, ਇਹ ਰਬਾਬ ਦੀ ਭੇਟਾ ਤੁਹਾਡੇ ਕੋਲੋਂ ਜਾਣ ਕੇ ਦਿਵਾਈ ਹੈ ਕਿ ਜਦੋਂ ਸੁਰ ਨਿਕਲੇ, ਜਦੋਂ ਕੀਰਤਨ ਹੋਵੇ ਤੇ ਭੈਣ ਦਾ ਨਿੱਘਾ ਪਿਆਰ ਮੇਰੇ ਨਾਲ ਰਵ੍ਹੇ। ਕੈਸਾ ਮਾਣ ਬਖਸ਼ਿਆ। ਪਿਆਰ ਬਖਸ਼ਿਆ। ਕੇਵਲ ਇਸ਼ਾਰਾ ਲੈਣਾ। ਇਹ ਬੇਬੇ ਨਾਨਕੀ ਜੀ ਉਹ ਹਨ ਜਿਨ੍ਹਾਂ ਨੇ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਣਿਆ ਹੈ। ਆਓ ਜੀ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਭਾਗ ਪੰਜਵਾਂ- ਧੰਨ ਧੰਨ ਬੇਬੇ ਨਾਨਕੀ ਜੀ, ਜੋ ਕਿ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੇ ਪਹਿਲੀ ਬੀਬੀ ਹੋਏ ਹਨ, ਅਗਲੇ ਐਡੀਸ਼ਨ ਵਿੱਚ ਛੇਵੇਂ ਭਾਗ ਧੰਨ ਧੰਨ ਮਾਤਾ ਗੰਗਾ ਜੀ ਦੇ ਸਤਿਕਾਰ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

# ਜੀਵਨ ਮੇਵਾਂ - ਅਨਮੋਲ ਯਾਦਾਂ



—ਡਾ. ਸਤਿੰਦਰ ਸਿੰਘ ਬੇਦੀ
*MBBS, MS (ENT) MAOI, PCMS (Ex.)*

ਅੱਜ ਉਹ ਪਿਆਰਾ ਜਿਹਾ ਮੁੱਖੜਾ ਮੇਰੀਆਂ ਅੱਖਾਂ ਸਾਹਮਣੇ ਫਿਰ ਘੁੰਮਣ ਲੱਗ ਗਿਆ। ਛਾਤੀ ਤੱਕ ਲਮਕਦਾ ਭਰਵਾਂ ਤੇ ਪ੍ਰਕਾਸ਼ਿਆ ਦਾਹੜਾ। ਚਿਹਰੇ ਤੇ ਮਰਦਾਵਾਂ ਰੋਹਬ। ਅੱਖਾਂ ਵਿੱਚ ਨਾਮ ਦੀ ਲਾਲੀ। ਸਿਰ ਤੇ ਫੱਬੀ ਦਸਤਾਰ ਤੇ ਮੁੱਖ ਤੇ ਵਾਹਿਗੁਰੂ ਦਾ ਜਾਪ। ਇਹ ਤੇਜਸਵੀ ਚਿਹਰਾ ਅੰਦਰ ਤੱਕ ਮੈਨੂੰ ਧੂਹ ਗਿਆ। ਉਹ ਪਲ ਫਿਰ ਜ਼ਿਹਨ ਅੰਦਰ ਤਾਜ਼ਾ ਹੋ ਗਏ ਜਦੋਂ ਆਖਰੀ ਵਾਰ ਮੇਰੇ ਦਾਦਾ ਜੀ ਸਾਡੇ ਘਰ ਆਏ। ਮੰਜੇ ਤੇ ਲੇਟੇ ਮੈਨੂੰ ਕਹਿਣ ਲੱਗੇ, ''ਸ਼ਿੰਦ ਪੁੱਤਰ, ਮੇਰੇ ਕੋਲ ਆ।'' ਮੈਂ ਦੌੜ ਕੇ ਅੱਗੇ ਹੋਇਆ ਤੇ ਮੈਨੂੰ ਕਹਿਣ ਲੱਗੇ, ''ਗੁਟਕਾ ਸਾਹਿਬ ਲਿਆ ਤੇ ਮੈਨੂੰ ਜਪੁਜੀ ਸਾਹਿਬ ਦਾ ਪਾਠ ਸੁਣਾ।'' ਇਹ ਬੋਲ ਮੇਰੇ ਅੰਦਰ ਤੱਕ ਉਸੇ ਤਰ੍ਹਾਂ ਗੂੰਜ ਰਹੇ ਹਨ। ਮੇਰੀ ਜ਼ਿੰਦਗੀ ਦਾ ਸ਼ਾਇਦ ਇਹ ਪਹਿਲਾ ਦਿਨ ਸੀ ਜਿਸ ਦਿਨ ਮੈਂ ਜਪੁਜੀ ਸਾਹਿਬ ਦਾ ਪਾਠ ਕੀਤਾ। ਅੰਦਰ ਇੱਕ ਭੈਅ ਸੀ, ਇੱਕ ਡਰ ਸੀ ਤੇ ਉਸ ਡਰ ਦੇ ਅਹਿਸਾਸ ਵਿੱਚ ਹੀ ਮੈਂ ਆਪਣੇ ਦਾਦਾ ਜੀ ਨੂੰ ਕਿਹਾ, ''ਮੈਂ ਤਾਂ ਕਦੀ ਪਾਠ ਨਹੀਂ ਕੀਤਾ। ਮੈਨੂੰ ਤਾਂ ਪਾਠ ਕਰਨਾ ਆਉਂਦਾ ਹੀ ਨਹੀਂ।'' ਮੇਰੀ ਗੱਲ ਸੁਣ ਕੇ ਉਨ੍ਹਾਂ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਜਿਹੀ ਆ ਗਈ ਤੇ ਉਸ ਮੁਸਕਰਾਉਂਦੇ ਹੋਏ ਚਿਹਰੇ ਵਿੱਚੋਂ ਇਹ ਬੋਲ ਨਿਕਲੇ, ''ਤੂੰ ਕਰ, ਜਿੱਥੋਂ ਭੁੱਲੇਂਗਾ, ਮੈਂ ਦੱਸ ਦਿਆਂਗਾ।'' ਉਨ੍ਹਾਂ ਦੀ ਅਵਾਜ਼ ਵਿੱਚ ਪ੍ਰੇਰਨਾ ਸੀ ਅਤੇ ਅੰਦਰ ਦੀ ਸਿੱਕ ਸੀ ਕਿ ਮੇਰਾ ਪੋਤਾ ਗੁਰੂ ਦੇ ਚਰਨਾਂ ਨਾਲ ਜੁੜੇ। ਸਹੀ ਮਾਅਨਿਆਂ ਵਿੱਚ ਮੇਰਾ ਜਨਮ ਹੀ ਉਸ ਦਿਨ ਹੋਇਆ ਸੀ ਜਿਸ ਦਿਨ ਜਪੁਜੀ ਸਾਹਿਬ ਦਾ ਪਾਠ ਮੈਂ ਆਪਣੇ ਦਾਦਾ ਜੀ ਨੂੰ ਸੁਣਾਇਆ। ਪੰਜਾਬੀ ਦੇ ਅੱਖਰਾਂ ਨੂੰ ਜੋੜ-ਜੋੜ ਕੇ ਮੈਂ ਪਾਠ ਕੀਤਾ। ਜਿੱਥੋਂ ਗਲਤੀ ਹੁੰਦੀ, ਦਾਦਾ ਜੀ ਪਿਆਰ ਨਾਲ ਸੁਧਾਰਦੇ ਪਰ ਅੰਦਰ ਹੀ ਅੰਦਰ ਉਨ੍ਹਾਂ ਨੂੰ ਖੁਸ਼ੀ ਸੀ ਕਿ ਮੇਰੀ ਪੀੜ੍ਹੀ ਦਾ ਖੂਨ ਸਾਰਥਕ ਹੋ ਰਿਹਾ ਹੈ। ਪਿੱਛੋਂ ਤੋਂ ਚੱਲਿਆ ਆ ਰਿਹਾ ਇਸ ਪਰਿਵਾਰ ਦਾ ਗੁਰੂ ਘਰ ਪ੍ਰਤੀ ਸਤਿਕਾਰ ਤੇ ਪਿਆਰ ਅੱਗੇ ਵੱਧ ਰਿਹਾ ਹੈ। ਉਨ੍ਹਾਂ ਨੂੰ ਅੰਦਰੋਂ ਅੰਦਰੀ ਸਕੂਨ ਜਿਹਾ ਮਿਲ ਰਿਹਾ ਸੀ। ਜਪੁਜੀ ਸਾਹਿਬ ਦਾ ਪਾਠ ਸੰਪੂਰਨ ਹੋਇਆ। ਮੈਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਮੈਂ ਕਿੰਨੀ ਕੁ ਵੱਡੀ ਬੁਲੰਦੀ ਸਰ ਕਰ ਲਈ ਹੋਵੇ। ਅੱਜ ਮੇਰੇ ਦਾਦਾ ਜੀ ਨੇ ਮੈਨੂੰ ਉਂਗਲੀ ਨਾਲ ਚੱਲਣਾ ਸਿਖਾ ਦਿੱਤਾ ਸੀ। ਉਨ੍ਹਾਂ ਵੱਲੋਂ ਮੈਨੂੰ ਮੇਰੀ ਜ਼ਿੰਦਗੀ ਵਿੱਚ ਗੁਰਮਤਿ ਦੇ ਰਾਹ ਤੇ ਚੱਲਣ ਦੀ ਦਿੱਤੀ ਸੇਧ ਮੇਰੇ ਜ਼ਿਹਨ ਵਿੱਚ ਸਦੀਵ ਤਾਜ਼ਾ ਹੈ ਤੇ ਉਨ੍ਹਾਂ ਵੱਲੋਂ ਦਿੱਤੀ ਇਸ ਸਿੱਖਿਆ ਦੇ ਸਦਕਾ ਅੱਜ ਮੇਰੇ ਜੀਵਨ ਦੇ ਰੋਜ਼ਾਨਾ ਸਫਰ ਦੀ ਸ਼ੁਰੂਆਤ ਜਪੁਜੀ ਸਾਹਿਬ ਦੀ ਬਾਣੀ ਤੋਂ ਹੁੰਦੀ ਹੈ।

ਮੇਰੇ ਪਿਤਾ ਜੀ ਵੀ ਜਪੁਜੀ ਸਾਹਿਬ ਦਾ ਪਾਠ ਕਰਕੇ ਅਤੇ ਗੁਰਦੁਆਰਾ ਸਾਹਿਬ ਦਰਸ਼ਨ ਕਰਕੇ ਹੀ ਦਿਨ ਦੇ ਕੰਮਾਂ ਦੀ ਸ਼ੁਰੂਆਤ ਕਰਦੇ ਹਨ। ਜਪੁਜੀ ਸਾਹਿਬ ਦੀ ਬਾਣੀ ਨਾਲ ਪਿਆਰ ਤਾਂ ਮੇਰੇ ਦਾਦਾ ਜੀ ਨੇ ਮੇਰੇ ਅੰਦਰ ਜਗਾ ਦਿੱਤਾ ਸੀ ਪਰ ਪੰਜ ਬਾਣੀਆਂ ਦਾ ਨਿਤਨੇਮ ਕਰਨ ਦੀ ਪ੍ਰੇਰਨਾ ਮੈਨੂੰ ਮੇਰੇ ਪਿਤਾ ਜੀ ਤੋਂ ਮਿਲੀ। ਹੋਇਆ ਇਸ ਤਰ੍ਹਾਂ ਕਿ ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲੈਣਾ ਸੀ ਤੇ ਉਸ ਤੋਂ ਪਹਿਲਾਂ ਦੇ ਦਿਨਾਂ ਵਿੱਚ ਮੈਂ ਵਿਹਲਾ ਸੀ ਤੇ ਮੇਰੇ ਪਿਤਾ ਜੀ ਨੇ ਉਨ੍ਹਾਂ ਵਿਹਲੇ ਦਿਨਾਂ ਵਿੱਚ ਮੈਨੂੰ ਨਿਤਨੇਮ ਕਰਨ ਲਈ ਪਿਆਰ ਭਰੀ ਪ੍ਰੇਰਨਾ ਦਿੱਤੀ। ਬੱਸ ਉਸ ਸਮੇਂ ਤੋਂ ਨਿਤਨੇਮ ਮੇਰੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਿਆ। ਮੇਰੇ ਪਿਤਾ ਜੀ ਭਾਵੇਂ ਗੁਰਬਾਣੀ ਦਾ ਪਾਠ ਬੜੇ ਪਿਆਰ ਅਤੇ ਸਹਿਜ ਨਾਲ ਕਰਦੇ ਸਨ ਪਰ ਉਨ੍ਹਾਂ ਨੇ ਕੇਸ

ਦਾਹੜੀ ਨਹੀਂ ਰੱਖੀ ਹੋਈ ਸੀ ਸਹਿਜਧਾਰੀ ਸਨ।

ਮੇਰੇ ਦਾਦਾ ਜੀ ਸਿੱਖੀ ਵੱਲ ਮੈਨੂੰ ਬਹੁਤ ਪ੍ਰੇਰਦੇ ਸਨ ਤੇ ਮੇਰੇ ਪਿਤਾ ਜੀ ਨੇ ਉਨ੍ਹਾਂ ਕਹਿਣਾ ਤੇਰੇ ਵੱਡੇ ਵੀਰ ਦਾ ਨਾਮਕਰਨ ਕਰਵਾਉਣਾ ਸੀ ਤੇ ਮਨ ਦੀ ਤਮੰਨਾ ਸੀ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਰਖਵਾਈਏ। ਇੱਕ ਵਾਰ ਜਦੋਂ ਮੇਰੇ ਭਾਈਆ ਜੀ (ਮੇਰੇ ਦਾਦਾ ਜੀ) ਨੂੰ ਨਾਲ ਚੱਲਣ ਲਈ ਕਿਹਾ ਤਾਂ ਉਨ੍ਹਾਂ ਦਾ ਦੋ ਟੁੱਕ ਜਵਾਬ ਸੀ, ''ਮਹਿੰਦਰ ਮੈਂ ਤੇਰੇ ਮੁੰਡੇ ਦੇ ਨਾਮਕਰਨ ਲਈ ਤਾਂ ਜਾਵਾਂਗਾ, ਜੇ ਇਸ ਦੇ ਕੇਸ ਨਹੀਂ ਕਟਵਾਏਂਗਾ ਤੇ ਨਾਮ ਨਾਲ ਸਿੰਘ ਲਗਾਵੇਂਗਾ।'' ਪਿਤਾ ਜੀ ਨੇ ਮੈਨੂੰ ਦੱਸਿਆ ਕਿ ਮੈਂ ਉਸੇ ਵੇਲੇ ਹੀ ਕਿਹਾ, ''ਭਾਈਆ ਜੀ, ਜਿਵੇਂ ਤੁਸੀਂ ਚਾਹੋਗੇ, ਉਵੇਂ ਹੀ ਹੋਵੇਗਾ।'' ਨਾਲ-ਨਾਲ ਪਿਤਾ ਜੀ ਮੈਨੂੰ ਇਹ ਬੀਤੇ ਪਲਾਂ ਨੂੰ ਸੁਣਾ ਰਹੇ ਸਨ ਤੇ ਨਾਲ-ਨਾਲ ਪ੍ਰੇਰਨਾ ਦੇ ਰਹੇ ਸਨ, ਪੁੱਤਰ, ''ਇਹ ਸਰਦਾਰੀ ਕਾਇਮ ਰੱਖਣੀ ਹੁਣ ਤੁਹਾਡੇ ਹੱਥ ਹੈ। ਤੁਹਾਡੇ ਦਾਦਾ ਜੀ ਦੀ ਤਮੰਨਾ ਵੀ ਹੈ ਤੇ ਪਿਤਾ ਗੁਰੂ ਜੀ ਦਾ ਹੁਕਮ ਵੀ ਹੈ। ਗੁਰੂ ਕਲਗੀਧਰ ਪਿਤਾ ਜੀ ਦੇ ਬਖਸ਼ੇ ਇਸ ਸਿੱਖੀ ਸਰੂਪ ਨੂੰ ਕਦੇ ਪਤਿਤ ਨਹੀਂ ਕਰਨਾ।'' ਪਿਤਾ ਜੀ ਦੇ ਮੁੱਖ ਤੋਂ ਜਦੋਂ ਇਹ ਬੋਲ ਨਿਕਲ ਰਹੇ ਸਨ ਤੇ ਮੈਨੂੰ ਅੰਦਰ ਹੀ ਅੰਦਰ ਉਹ ਦਿਨ ਯਾਦ ਆ ਰਹੇ ਸਨ ਜਦੋਂ ਮੇਰੇ ਬੀਜੀ ਬੜੇ ਪਿਆਰ ਨਾਲ ਸਕੂਲ ਜਾਣ ਵੇਲੇ ਮੇਰੇ ਸਿਰ ਤੇ ਦੋ ਗੁੱਤਾਂ ਕਰ ਦਿੰਦੇ ਸਨ। ਫਿਰ ਹੌਲੀ-ਹੌਲੀ ਜਿਵੇਂ-ਜਿਵੇਂ ਮੇਰੇ ਕੇਸ ਵੱਡੇ ਹੁੰਦੇ ਗਏ ਤੇ ਉਹ ਫਿਰ ਮੇਰੇ ਕੇਸਾਂ ਨੂੰ ਬੜੇ ਪਿਆਰ ਨਾਲ ਕੰਘੇ ਨਾਲ ਵਾਹੁੰਦੇ ਤੇ ਜੂੜਾ ਕਰਦੇ। ਹੌਲੀ-ਹੌਲੀ ਮੈਂ ਦਸਤਾਰ ਵੀ ਸਜਾਉਣ ਲੱਗ ਪਿਆ।

ਜਪੁਜੀ ਸਾਹਿਬ ਦੀ ਬਾਣੀ ਨਾਲ ਪਿਆਰ ਤੇ ਕੇਸਾਂ ਦਾ ਸਤਿਕਾਰ ਮੈਨੂੰ ਮੇਰੇ ਦਾਦਾ ਜੀ ਵੱਲੋਂ ਬਖਸ਼ਿਆ ਹੋਇਆ ਪ੍ਰੇਰਨਾ ਭਰਿਆ ਤੋਹਫਾ ਹੈ। ਇਹ ਦੋਵੇਂ ਅਨਮੋਲ ਦਾਤਾਂ ਮੈਨੂੰ ਮੇਰੀ ਜਾਨ ਤੋਂ ਵੱਧ ਪਿਆਰੀਆਂ ਹਨ। ਅੱਜ ਫੈਸ਼ਨ ਦੀ ਦੁਨੀਆਂ ਵਿੱਚ ਸ਼ਾਇਦ ਹੀ ਕੋਈ ਘਰ ਬਚਿਆ ਹੋਵੇਗਾ, ਸ਼ਾਇਦ ਹੀ ਕੋਈ ਸਿੱਖ ਪਰਿਵਾਰ ਬਚਿਆ ਹੋਵੇਗਾ ਜਿਸ ਘਰ ਦਾ ਕੋਈ ਨਾ ਕੋਈ ਮੈਂਬਰ ਰੋਮਾਂ ਦੀ ਬੇਅਦਬੀ ਨਾ ਕਰਦਾ ਹੋਵੇ। ਇਸ ਕਲਯੁੱਗ ਦੇ ਵਰਤਾਰੇ ਵਿੱਚ ਪਤਾ ਨਹੀਂ ਇਹ ਪਤਿਤਪੁਣੇ ਦੀ ਹਨੇਰੀ ਕਿੱਥੋਂ ਝੁਲ ਗਈ ਹੈ। ਉਹ ਸਾਡਾ ਪਿਆਰਾ ਤੇ ਕੀਮਤੀ ਵਿਰਸਾ ਜਿਸ ਦੇ ਸੁਨਹਿਰੀ ਪੰਨੇ ਅੱਜ ਵੀ ਸ਼ਹੀਦਾਂ ਦੇ ਪਾਵਨ ਤੇ ਸੁੱਚੇ ਲਹੂ ਨਾਲ ਸਿੰਜੇ ਹੋਏ ਹਨ, ਉਸ ਵਿਰਸੇ ਦੇ ਇੱਕ-ਇੱਕ ਅੱਖਰ ਵਿੱਚੋਂ ਇਹੀ ਅਵਾਜ਼ ਆ ਰਹੀ ਹੈ, ਆਪਣੇ ਕੇਸਾਂ ਨੂੰ ਸੰਭਾਲ ਲਈਏ, ਇਸ ਪਾਵਨ ਬਾਣੀ ਦੇ ਓਟ ਆਸਰੇ ਵਿੱਚ ਰਹਿ ਲਈਏ। ਇੱਕ-ਇੱਕ ਦਿਨ ਨਾਲ ਇਹ ਜੀਵਨ ਬੀਤਦਾ ਜਾ ਰਿਹਾ ਹੈ ਤੇ ਇਹ ਬੀਤਿਆ ਹੋਇਆ ਸਮਾਂ ਫਿਰ ਹੱਥ ਨਹੀਂ ਆਉਣਾ। ਇਨ੍ਹਾਂ ਗੁਆਚੇ ਹੋਏ ਪਲਾਂ ਨੂੰ ਤੁਰੰਤ ਸੰਭਾਲਣ ਦੀ ਲੋੜ ਹੈ। ਹੁਣ ਪ੍ਰਚਾਰ ਦਾ ਕੰਮ ਕੇਵਲ ਗ੍ਰੰਥੀ ਜਾਂ ਰਾਗੀ ਸਿੰਘਾਂ ਤੱਕ ਸੀਮਤ ਨਹੀਂ ਰਹਿ ਗਿਆ, ਗੁਰੂ ਦੇ ਪਿਆਰੇ ਹਰ ਜਾਗਰੂਕ ਸਿੱਖ ਤੋਂ ਗੁਰੂ ਸਾਹਿਬ ਇਸ ਪ੍ਰਚਾਰ ਤੇ ਪਸਾਰ ਨੂੰ ਲੋੜਦੇ ਹਨ। ਇੱਕ-ਇੱਕ ਸਿੱਖ ਨੇ ਪ੍ਰਚਾਰਕ ਬਣਨਾ ਹੈ। ਸ਼ੁਰੂਆਤ ਆਪਣੇ ਘਰ ਤੋਂ ਹੀ ਕਰਨੀ ਹੈ ਤੇ ਕਰਨੀ ਵੀ ਪ੍ਰੇਰਨਾ ਨਾਲ ਹੈ। ਫਿਰ ਜਿਵੇਂ-ਜਿਵੇਂ ਬਿੱਧ ਬਣੇ, ਆਪਣੇ ਆਲੇ-ਦੁਆਲੇ ਨੂੰ ਪ੍ਰੇਰਨਾ ਦੇ ਕੇ ਗੁਰਮਤਿ ਦੇ ਦਾਇਰੇ ਵਿੱਚ ਲਿਆਉਣਾ ਹੈ। ਕੇਸਾਂ ਦਾ ਵੀ ਸਤਿਕਾਰ ਕਰਨਾ ਹੈ ਤੇ ਬਾਣੀ ਦਾ ਵੀ। ਮੈਂ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੇਰੇ ਦਾਦਾ ਜੀ ਨੇ ਬਚਪਨ ਵਿੱਚ ਹੀ ਮੈਨੂੰ ਇਸ ਪਾਸੇ ਲਗਾ ਦਿੱਤਾ। ਬੱਸ, ਹੁਣ ਇਹੀ ਅਰਦਾਸ ਹੈ, ਆਪਣੇ ਪਿਤਾ ਗੁਰੂ ਦੇ ਚਰਨਾਂ ਵਿੱਚ, ਅਸੀਂ ਸਾਰੇ ਹੀ ਸਿੱਖ ਬਣ ਜਾਈਏ। ਗੁਰੂ ਸਾਹਿਬ ਸਾਡੇ ਵੱਲ ਵੇਖਣ ਤੇ ਖੁਸ਼ ਹੋਣ, ਉਨ੍ਹਾਂ ਦੇ ਅੰਦਰੋਂ ਸਾਡੇ ਲਈ ਅਸੀਸਾਂ ਨਿਕਲਣ। ਗੁਰੂ ਮਿਹਰ ਕਰੇ, ਇਹ ਵੇਲਾ ਕਿਤੇ ਜਲਦੀ ਆ ਜਾਵੇ ਅਤੇ ਅਸੀਂ ਸਾਰੇ ਗੁਰੂ ਦੀ ਸ਼ਰਨ ਵਿੱਚ ਰਹਿਣਾ ਸਿੱਖ ਜਾਈਏ।

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ

*—ਜਸਵਿੰਦਰ ਸਿੰਘ ਪਟਿਆਲਾ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਸਾਰੀ ਸੰਗਤ ਧਿਆਨ ਦੇਣਾ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲੇ ਦਾਸ ਨੂੰ ਕਹਿੰਦੇ ਦੋ ਬੰਦਿਆਂ ਦੇ ਲੇਖ ਨਹੀਂ ਬਦਲਦੇ। ਇੱਕ ਚੁਫੇਰੇ ਦੇ ਨਹੀਂ ਬਦਲਦੇ, ਇੱਕ ਬੇਮੁੱਖ ਦੇ ਨਹੀਂ ਬਦਲਦੇ। ਦਾਸ ਨੇ ਪੁੱਛਿਆ ਕਿ ਚੁਫੇਰਾ ਕੌਣ? ਕਹਿਣ ਲੱਗੇ ਕਿ ਜਿਹੜਾ ਕਦੀ ਕੋਈ ਬੂਹਾ ਖੜਕਾਵੇ, ਕਦੀ ਕੋਈ ਬੂਹਾ ਖੜਕਾਵੇ, ਉਸ ਨੂੰ ਚੁਫੇਰਾ ਆਖਦੇ ਹਨ। ਉਸ ਤੇ ਗੁਰੂ ਖੁਸ਼ ਨਹੀਂ ਹੁੰਦਾ। ਚੁਫੇਰੇ ਦੇ ਲੇਖ ਨਹੀਂ ਬਦਲਦੇ। ਕਿਉਂ? ਇੱਕ ਦਾ ਨਹੀਂ ਬਣਿਆ। ਦੂਸਰਾ ਉਨ੍ਹਾਂ ਨੇ ਆਖਿਆ ਕਿ ਬੇਮੁੱਖ ਦੇ ਨਹੀਂ ਬਦਲਦੇ। ਹੁਣ ਦਾਸ ਨੂੰ ਥੋੜ੍ਹਾ ਜਿਹਾ ਪਤਾ ਤਾਂ ਸੀ ਪਰ ਦਾਸ ਨੇ ਸੋਚਿਆ ਕਿ ਮਹਾਂਪੁਰਸ਼ਾਂ ਦੀ ਰਸਨਾ ਵਿੱਚੋਂ ਨਿਕਲੇ ਬਚਨਾਂ ਦਾ ਕੋਈ ਹੋਰ ਰਸ ਹੁੰਦਾ ਹੈ। ਕਿਤਾਬਾਂ ਪੜ੍ਹ ਕੇ, ਟੇਪਾਂ ਸੁਣ ਕੇ, ਕਥਾ ਸੁਣ ਕੇ ਕਥਾ ਕਰਨੀ ਹੋਰ ਗੱਲ ਹੈ। ਕਮਾਈ ਕਰਕੇ ਕਰਨੀ, ਹੋਰ ਗੱਲ ਹੈ। ਕਿਉਂ? ਕਮਾਈ ਨਾਲ ਬ੍ਰਹਮ ਗਿਆਨ ਖੁੱਲ੍ਹਦਾ ਹੈ। ਨਕਲੀ ਗਿਆਨ, ਕਿਤਾਬੀ ਗਿਆਨ, ਆਤਮਿਕ ਗਿਆਨ ਤੇ ਬ੍ਰਹਮ ਗਿਆਨ। ਇਹ ਚਾਰ ਤਰ੍ਹਾਂ ਦਾ ਗਿਆਨ ਹੁੰਦਾ ਹੈ। ਤੁਸੀਂ ਕਿਸੇ ਕੱਟੜ ਬੰਦੇ ਦੀ ਲਿਖਤ ਪੜ੍ਹੋ, ਉਸ ਵਿੱਚ ਸਿਰਫ ਕਿਤਾਬੀ ਗਿਆਨ ਹੋਵੇਗਾ, ਕਿਸੇ ਮਹਾਂਪੁਰਸ਼ ਦੀ ਲਿਖਤ ਪੜ੍ਹੋ, ਉਸ ਵਿੱਚ ਉਨ੍ਹਾਂ ਦਾ ਆਪਣਾ ਅਨੁਭਵ ਨਾਲ ਆ ਜਾਵੇਗਾ। ਇਹ ਆਤਮਿਕ ਅਤੇ ਬ੍ਰਹਮ ਗਿਆਨ ਆਪਣੇ ਆਪ ਲਿਖਤ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਨਾਲ ਫਿਰ ਰਸ ਆਉਂਦਾ ਹੈ ਤੇ ਜੀਵਨ ਬਣਦਾ ਹੈ। ਕਿਉਂ? ਇਸ ਵਿੱਚ ਆਤਮਿਕ ਗਿਆਨ ਤੇ ਬ੍ਰਹਮ ਗਿਆਨ ਪ੍ਰਵੇਸ਼ ਕਰ ਗਿਆ ਹੈ। ਕਿਸੇ ਕਵੀ ਨੇ ਬੜੇ ਡੂੰਘੇ ਅਰਥਾਂ ਵਿੱਚ ਕਵਿਤਾ ਲਿਖੀ ਸੀ। ਕਵਿਤਾ ਪੜ੍ਹ ਕੇ ਇੱਕ ਬੰਨੇ ਬਾਣੀ ਰੱਖੀ ਤੇ ਇੱਕ ਬੰਨੇ ਕਵਿਤਾ ਰੱਖੀ। ਕਹਿਣ ਲੱਗਾ ਕਿ ਜੋ ਰਸ ਬਾਣੀ ਵਿੱਚ ਹੈ, ਉਹ ਕਵਿਤਾ ਵਿੱਚ ਕਿਉਂ ਨਹੀਂ? ਉਸ ਨੇ ਸੋਚਿਆ ਕਿ ਇਹ ਬਾਣੀ ਇਕਾਂਤ ਵਿੱਚ ਉਚਾਰਨ ਹੋਈ ਹੈ, ਉਸ ਨੇ ਸਭ ਬੂਹੇ ਬੰਦ ਕਰ ਦਿੱਤੇ। ਇੱਕ ਕਵਿਤਾ ਇਕਾਂਤ ਵਿੱਚ ਹੋਰ ਉਚਾਰਨ ਕੀਤੀ। ਜਦੋਂ ਉਸ ਨੂੰ ਗੁਰਬਾਣੀ ਦੇ ਮੁਕਾਬਲੇ ਰੱਖਿਆ ਤੇ ਫਿਰ ਵੀ ਉਹ ਸਵਾਦ ਨਹੀਂ ਆਇਆ। ਕਹਿਣ ਲੱਗਾ ਕਿ ਜੋ ਰਸ ਗੁਰਬਾਣੀ ਵਿੱਚ ਹੈ, ਉਹ ਕਵਿਤਾ ਵਿੱਚ ਕਿਉਂ ਨਹੀਂ? ਮਹਾਂਪੁਰਸ਼ ਕੋਲ ਖੜ੍ਹੇ ਸੀ। ਕਹਿਣ ਲੱਗੇ ਕਿ ਕੀ ਗੱਲ, ਸੋਚੀਂ ਪਿਆ ਹੈਂ? ਕਹਿਣ ਲੱਗਾ ਕਿ ਦਸ ਦਿਨ ਹੋ ਗਏ ਹਨ, ਨਵੀਂ ਤੋਂ ਨਵੀਂ ਕਵਿਤਾ ਲਿਖਦਾ ਹਾਂ। ਇਕਾਂਤ ਵਿੱਚ ਵੀ ਲਿਖੀ ਹੈ। ਕਈ ਢੰਗਾਂ ਨਾਲ ਲਿਖਦਾ ਹਾਂ ਪਰ ਬਾਣੀ ਵਾਂਗ ਉਸ ਵਿੱਚ ਰਸ ਨਹੀਂ ਆ ਰਿਹਾ। ਮਹਾਂਪੁਰਸ਼ ਕਹਿੰਦੇ ਕਿ ਤੂੰ ਕਵਿਤਾ ਲਿਖਦਾ ਹੈਂ, ਕਲਮ ਨਾਲ, ਬੈਠ ਕੇ, ਸੋਚ ਕੇ। ਇਹ ਬਾਣੀ ਲਿਖੀ ਗਈ ਹੈ ਕਮਾ ਕੇ। ਬਾਣੀ ਲਿਖੀ ਹੈ ਤੱਤੀਆਂ ਲੋਹਾਂ ਤੇ ਬੈਠ ਕੇ।

ਇਹ ਬਾਣੀ ਲਿਖੀ, ਪਹਿਲਾਂ ਆਪਣੇ ਤੇ ਧਾਰਨ ਕਰਕੇ, ਫਿਰ ਉਚਾਰਨ ਹੋਈ ਹੈ।

ਬਾਬਾ ਈਸ਼ਰ ਸਿੰਘ ਜੀ ਕਵਿਤਾ ਨੂੰ ਚਟਣੀ ਕਹਿੰਦੇ ਸੀ। ਇਹ ਜਿਹੜੀਆਂ ਕਵਿਤਾ ਦੀਆਂ ਕੈਸੇਟਾਂ ਹਨ, ਮਹਾਂਪੁਰਸ਼ ਕਹਿੰਦੇ ਹਨ ਕਿ ਇਹ ਚਟਣੀ ਹੈ, ਚਟਣੀ। ਰੋਟੀ ਨਾਲ ਚਟਣੀ ਖਾਓ ਤੇ ਇਹ ਸਵਾਦ ਲੱਗਦੀ ਹੈ ਪਰ ਕਦੀ ਢਿੱਡ ਨਹੀਂ ਭਰਦੀ। ਤੁਸੀਂ ਥਾਲੀ ਤੇ ਚਟਣੀ ਪਾ ਕੇ ਬੈਠ ਜਾਓ ਤੇ ਕਹੋ ਕਿ ਇਸ ਨਾਲ ਮੇਰਾ ਢਿੱਡ ਭਰ ਜਾਵੇ। ਢਿੱਡ ਤਾਂ ਰੋਟੀ ਨਾਲ ਹੀ ਭਰਨਾ ਹੈ। ਬਾਣੀ ਬਾਣੀ ਹੈ, ਕਵਿਤਾ ਕਵਿਤਾ ਹੈ। ਜਿਹੜੀ ਆਤਮਿਕ ਖੁਰਾਕ ਹੈ, ਅਸਲੀ ਭੁੱਖ ਹੈ, ਇਹ ਬਾਣੀ ਨਾਲ ਹੀ ਦੂਰ ਹੁੰਦੀ ਹੈ। ਇਹ ਰੱਜ ਬਾਣੀ ਨਾਲ ਹੀ ਹੋਣਾ ਹੈ। ਇਸ਼ਾਰਾ ਲੈਣਾ। ਕਿਉਂ? ਇਹ ਬਾਣੀ ਕਮਾ ਕੇ ਲਿਖੀ ਗਈ ਹੈ। ਇਹ ਬਾਣੀ ਆਪਣੇ ਤੇ ਢਾਲ ਕੇ ਫਿਰ ਉਚਾਰਨ ਹੋਈ ਹੈ। ਜਿਹੜਾ ਚਾਂਦਨੀ ਚੌਂਕ ਵਿੱਚ ਸੀਸ ਲੱਥਿਆ ਹੈ। ਇਹ ਲਿਖਿਆ ਨਹੀਂ ਸਿਰਫ

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
*ਤਿਸ ਦਾ ਬੁਰਾ ਕਿਉ ਹੋਇ॥*

*(ਅੰਗ ੩੦੨)*

ਇਹ ਨਾਲ ਕਮਾਇਆ ਹੈ। ਇਸ ਲਈ ਕਿਸੀ ਆਮ ਕੱਟੜ ਦੀ ਲਿਖਤ ਜਾਂ ਸਪੀਚ ਸੁਣ ਲਓ, ਉਹ ਗੱਲ ਨਹੀਂ ਬਣੇਗੀ। ਕਿਸੇ ਰਸ ਵਾਲੇ ਦੀ ਲਿਖੀ ਕਿਤਾਬ ਵਿੱਚ ਆਤਮਿਕ ਗਿਆਨ ਤੇ ਬ੍ਰਹਮ ਗਿਆਨ ਦੋਵੇਂ ਪ੍ਰਵੇਸ਼ ਕਰ ਜਾਂਦੇ ਹਨ। ਜੇ ਨਕਲੀ ਤੇ ਕਿਤਾਬੀ ਗਿਆਨ ਪ੍ਰਵੇਸ਼ ਕਰੇ ਤੇ ਫਿਰ ਰਸ ਨਹੀਂ ਆਉਂਦਾ। ਪਹਿਲਾ ਸਿਰਫ ਗੱਲ ਕਹਿ ਕੇ ਲੰਘ ਗਿਆ। ਦੂਸਰੇ ਵਿੱਚ ਆਤਮਿਕ ਗਿਆਨ ਤੇ ਬ੍ਰਹਮ ਗਿਆਨ ਪ੍ਰਵੇਸ਼ ਕਰ ਜਾਂਦੇ ਹਨ ਜਿਸ ਨਾਲ ਸੁਣਨ ਵਾਲੇ ਸਰੋਤੇ ਅੰਦਰ ਰਸ ਬਣ ਜਾਂਦਾ ਹੈ। ਸਾਧ ਸੰਗਤ ਜੀ, ਅਰਦਾਸ ਕਰੋ। ਵੈਸੇ ਤਾਂ ਰੋਜ਼ ਅਰਦਾਸ ਹੁੰਦੀ ਹੈ ਸ੍ਰੀ ਹਰਿਮੰਦਰ ਸਾਹਿਬ ਤੋਂ, ਅੱਜ ਕਲ੍ਹ ਮੀਡੀਏ ਦਾ ਯੁੱਗ ਹੈ। ਟੀ.ਵੀ. ਤੇ ਪ੍ਰੋਗਰਾਮ ਵੇਖਦੇ ਹਾਂ, ਹੋਰ ਵੀ ਢੰਗਾਂ ਨਾਲ ਸੁਣਦੇ ਹਾਂ। ਅਰਦਾਸ ਵਿੱਚ ਇਹ ਜਿਹੜੇ ਲਫਜ਼ ਆਉਂਦੇ ਹਨ, ਇਹ ਅੰਦਰੋਂ ਕਿਹਾ ਕਰੋ :

*ਸੇਈ ਪਿਆਰੇ ਮੇਲ*
*ਜਿਨਾਂ ਮਿਲਿਆਂ ਤੇਰਾ ਨਾਮ ਚਿਤ ਆਵੇ।*

ਹੇ ਵਾਹਿਗੁਰੂ, ਮੈਨੂੰ ਉਨ੍ਹਾਂ ਦਾ ਮੇਲ ਕਰਵਾ। ਉਨ੍ਹਾਂ ਦਾ ਮੇਲ ਜ਼ਰੂਰੀ ਨਹੀਂ ਕਿ ਸਰੀਰ ਕਰਕੇ ਹੀ ਹੋਵੇ। ਉਨ੍ਹਾਂ ਦਾ ਮੇਲ ਕਿਤਾਬਾਂ ਰਾਹੀਂ ਵੀ ਹੋ ਸਕਦਾ ਹੈ। ਉਨ੍ਹਾਂ ਦਾ ਮੇਲ ਟੇਪਾਂ ਰਾਹੀਂ ਵੀ ਹੋ ਸਕਦਾ ਹੈ ਜਿਹੜੇ ਤੇਰੇ ਨਾਮ ਵਿੱਚ ਭਿੱਜੇ ਪਏ ਹਨ। ਇੱਕ ਜਗ੍ਹਾ ਦੀਵਾਨ ਸਨ। ਦਾਸ ਤੋਂ ਪਹਿਲਾਂ ਬਾਬਾ ਦਰਸ਼ਨ ਸਿੰਘ ਜੀ ਗੁਮਟਾਲੇ ਵਾਲੇ, ਗੁਮਟਾਲੇ ਪਿੰਡ ਦੇ ਮਹਾਂਪੁਰਸ਼। ਦਾਸ ਬੈਠਾ ਸੀ। ਉਨ੍ਹਾਂ ਨੇ ਪੌਣਾ ਘੰਟਾ ਨਿਰੋਲ ਕੀਰਤਨ ਕੀਤਾ। ਬਾਅਦ ਵਿੱਚ ਕੇਵਲ ਪੰਜ-ਸੱਤ ਮਿੰਟ ਵਿੱਚ ਵਿਚਾਰ ਰੱਖ ਕੇ ਸਮਾਪਤੀ ਕਰ ਦਿੱਤੀ। ਇਸ ਵਿਚਾਰ ਵਿੱਚ ਉਨ੍ਹਾਂ ਨੇ ਇੱਕ ਬਚਨ ਸੁਣਾਇਆ ਜਿਹੜਾ ਬੈਠੇ-ਬੈਠੇ ਅੰਦਰ ਨੂੰ ਹਲੂਣ ਗਿਆ। ਕਿਉਂ? ਅਨੁਭਵੀ ਬਚਨ ਸੀ, ਵਿੱਚ ਬ੍ਰਹਮ ਗਿਆਨ ਸ਼ਾਮਲ ਸੀ। ਉਨ੍ਹਾਂ ਨੇ ਬਚਨ ਸੁਣਾਇਆ। ਤਰਨ ਤਾਰਨ ਰੋਡ ਹੈ ਜਿੱਥੇ ਭਲਾਈ ਕੇਂਦਰ ਹੈ ਉੱਥੇ ਇੱਕ ਪਿੰਡ ਹੈ ਗਿਲਵਾਲੀ। ਹੁਣ ਗੌਰਮਿੰਟ ਦੇ ਕਾਗਜ਼ਾਂ ਵਿੱਚ ਪਿੰਡ ਦਾ ਨਾਂ ਗੁਰੂਵਾਲੀ ਹੈ। ਉੱਥੇ ਮਹਾਂਪੁਰਸ਼ ਹੋਏ ਹਨ, ਸੰਤ ਗੁਰਕਿਰਪਾਲ ਸਿੰਘ ਜੀ। ਬਾਬਾ ਦਰਸ਼ਨ ਸਿੰਘ ਜੀ ਗੁਮਟਾਲੇ ਵਾਲਿਆਂ ਨੇ ਦੋ ਮਿੰਟ ਉਨ੍ਹਾਂ ਦਾ ਬਚਨ ਸੁਣਾਇਆ ਤੇ ਦਾਸ ਨੂੰ ਬੈਠੇ-ਬੈਠੇ ਜਿਵੇਂ ਅੰਦਰ ਕਰੰਟ ਛੇੜ ਗਿਆ ਕਿ ਸਤਿਗੁਰੂ ਜੀ, ਸਾਡੀ ਵਾਰੀ ਕਦੋਂ ਆਵੇਗੀ। ਇਹ ਉਨ੍ਹਾਂ ਨੇ ਬਚਨ ਸੁਣਾਇਆ। ਕਹਿਣ ਲੱਗੇ ਮਹਾਂਪੁਰਸ਼ ਸੰਤ ਗੁਰਕਿਰਪਾਲ ਸਿੰਘ ਜੀ, ਗੁਰੂਵਾਲੀ ਪਿੰਡ ਦੇ, ਉਨ੍ਹਾਂ ਦਾ ਨੇਮ ਸੀ, ਨੌਂ ਘੰਟੇ

ਦਿਹਾੜੀ ਵਿੱਚ ਸ੍ਰੀ ਸੁਖਮਨੀ ਸਾਹਿਬ ਪੜ੍ਹਨੀ ਤੇ ਨੌਂ ਘੰਟੇ ਵਾਹਿਗੁਰੂ ਸ਼ਬਦ ਦਾ ਜਾਪ ਕਰਨਾ। ਜਿਵੇਂ ਸਰੀਰ ਮਾੜਾ ਮੋਟਾ ਅਰਾਮ ਮੰਗਦਾ ਹੈ, ਸਾਢੇ ਚਾਰ ਘੰਟੇ ਅਰਾਮ ਤੇ ਡੇਢ ਘੰਟਾ ਸੰਗਤ ਲਈ ਵੀ ਰੱਖਿਆ ਸੀ। ਚਲੋ ਜਿਸ ਦਾ ਜੋ ਦੁੱਖ-ਸੁੱਖ ਹੈ, ਉਨ੍ਹਾਂ ਲਈ ਟਾਈਮ ਦੇ ਦੇਣਾ ਤੇ ਬਾਕੀ ਸਮਾਂ ਫਿਰ ਨੇਮ ਵਿੱਚ। ਦਾਸ ਦੇ ਬੈਠੇ-ਬੈਠੇ ਹੀ ਕਈ ਫੁਰਨੇ ਬਣ ਗਏ। ਦਾਸ ਨੇ ਸੋਚਿਆ ਕਿ ਇੰਨੇ-ਇੰਨੇ ਨੇਮ ਵਾਲੇ ਬੈਠੇ ਹਨ। ਗਰੀਬ ਨਿਵਾਜ, ਸੱਚੇ ਪਾਤਸ਼ਾਹ, ਸਾਡੀ ਵਾਰੀ ਕਦੋਂ ਆਵੇਗੀ। ਰਾਤ ਦੇ ਦੀਵਾਨ ਵਿੱਚ ਕੁਝ ਨੇਮ ਆਪ ਜੀ ਦੇ ਚਰਨਾਂ ਵਿੱਚ ਰੱਖਾਂਗੇ। ਬਾਬਾ ਜੀ ਸੇਵਾ ਲੈਣ। ਗੁਰੂ ਸਾਹਿਬ ਕਿਰਪਾ ਕਰਨ। ਫਿਰ ਯਤਨ ਕਰਿਓ ਕਿ ਇਹ ਵਾਰੀਆਂ ਸਾਡੀਆਂ ਵੀ ਆਉਣ। ਸਾਡੇ ਤੇ ਵੀ ਕਿਰਪਾ ਹੋਵੇ, ਬਖਸ਼ਿਸ਼ ਹੋਵੇ, ਰਹਿਮਤ ਹੋਵੇ। ਦਾਸ ਬੇਨਤੀ ਕਰ ਰਿਹਾ ਸੀ ਕਿ ਦਾਸ ਨੂੰ ਪੰਜਾਹ ਪਰਸੈਂਟ ਤਾਂ ਪਤਾ ਸੀ ਕਿ ਚੁਫੇਰਾ ਤੇ ਬੇਮੁੱਖ ਕਿਸ ਨੂੰ ਕਹਿੰਦੇ ਹਨ ਪਰ ਦਾਸ ਨੇ ਸੋਚਿਆ ਕਿ ਮਹਾਂਪੁਰਸ਼ਾਂ ਦੀ ਰਸਨਾ ਤੋਂ ਸੁਣਨ ਦਾ ਰਸ ਜ਼ਿਆਦਾ ਆਉਂਦਾ ਹੈ। ਬਾਬਾ ਜੀ ਕਹਿਣ ਲੱਗੇ ਕਿ ਦੋ ਬੰਦਿਆਂ ਦੇ ਲੇਖ ਨਹੀਂ ਬਦਲਦੇ, ਇੱਕ ਚੁਫੇਰੇ ਦੇ ਤੇ ਇੱਕ ਬੇਮੁੱਖ ਦੇ। ਦਾਸ ਨੇ ਕਿਹਾ, ਬਾਬਾ ਜੀ, ਚੁਫੇਰਾ ਕੌਣ? ਕਹਿੰਦੇ ਕਿ ਜਿਹੜਾ ਕਦੇ ਕਿਸੇ ਬੇੜੇ ਵਿੱਚ ਪੈਰ ਧਰੇ, ਕਦੀ ਕਿਸੇ ਬੇੜੇ ਵਿੱਚ, ਉਸ ਦੇ ਲੇਖ ਨਹੀਂ ਬਦਲਦੇ। ਫਿਰ ਦਾਸ ਨੇ ਪੁੱਛਿਆ, ਬਾਬਾ ਜੀ, ਬੇਮੁੱਖ ਕੌਣ ਹੈ? ਕਹਿਣ ਲੱਗੇ ਕਿ ਬੇਮੁੱਖ ਉਹ ਜਿਹੜਾ ਗੁਰੂ ਤੋਂ ਹੀ ਬੇਮੁੱਖ ਹੋ ਗਿਆ ਹੈ। ਮੈਂ ਤੇਰਾ ਨਹੀਂ ਬਣਨਾ। ਪਰ ਯਾਦ ਰੱਖਿਓ :

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ ॥*

*(ਅੰਗ ੪੩੫)*

ਬਾਬਾ ਈਸ਼ਰ ਸਿੰਘ ਜੀ ਕਹਿੰਦੇ ਕਿ 40 ਸਿੰਘਾਂ ਨੇ ਬੇਦਾਵਾ ਲਿਖਿਆ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ ਪਰ ਬੇਦਾਵਾ ਪੜਵਾ ਲਿਆ ਸ਼ਹੀਦੀਆਂ ਦੇ ਕੇ। ਅਸੀਂ ਅੱਜ ਵੀ ਬੇਦਾਵਾ ਲਿਖ ਕੇ ਬੈਠੇ ਹਾਂ ਕਿ ਅੰਮ੍ਰਿਤ ਨਹੀਂ ਛਕਣਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਸੀਂ ਅੰਮ੍ਰਿਤ ਨਹੀਂ ਛੱਕਣਾ। ਇਹ ਬੇਦਾਵਾ ਹੀ ਹੈ। ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਸੀਂ ਤੇਰੇ ਨਹੀਂ ਬਣਨਾ। ਇਹ ਬੇਦਾਵਾ ਹੀ ਹੈ। ਇਸ ਲਈ ਕਿਰਪਾ ਕਰਨੀ, ਕੋਈ ਰਹਿ ਨਾ ਜਾਵੇ। ਬੇਦਾਵਾ ਪੜਵਾ ਲੈਣਾ। ਕੋਈ ਗੁੱਸਾ ਨਾ ਕਰੇ। ਦਾਸ ਸਾਰਿਆਂ ਦੇ ਚਰਨਾਂ ਦੀ ਧੂੜੀ ਹੈ। ਜਿਹੜੇ ਸਹਿਜਧਾਰੀ ਵੀ ਬੈਠੇ ਹਨ, ਉਨ੍ਹਾਂ ਦੇ ਚਰਨਾਂ ਦੀ ਦਾਸ ਧੂੜੀ ਵੀ ਬਣ ਜਾਵੇ, ਉਹ ਵੀ ਥੋੜ੍ਹਾ ਹੈ। ਜਿੰਨਾ ਪ੍ਰੇਮ ਉਨ੍ਹਾਂ ਦੇ ਅੰਦਰ ਹੈ, ਜਿੰਨਾ ਪਿਆਰ ਉਨ੍ਹਾਂ ਦੇ ਅੰਦਰ ਹੈ, ਜਿੰਨੀ ਪ੍ਰੀਤ ਉਨ੍ਹਾਂ ਦੇ ਅੰਦਰ ਹੈ, ਗੁਰੂ ਘਰ ਦੇ ਲਈ। ਸਾਡਾ ਇੱਕ ਇੱਕ ਪੋਟਾ ਪੀਸ ਕੇ ਵੀ ਉਨ੍ਹਾਂ ਦੇ ਥੱਲੇ ਆ ਜਾਵੇ, ਉਹ ਵੀ ਥੋੜ੍ਹਾ ਹੈ। ਗੁਰੂ ਸਾਹਿਬ ਕਿਰਪਾ ਕਰਨ।

ਬਾਬਾ ਨੰਦ ਸਿੰਘ ਜੀ ਦਾ ਬਚਨ ਹੈ। ਰਤਨ ਸਿੰਘ ਤੇ ਦੀਵਾਨ ਚੰਦ, ਇਹ ਦੋ ਸਰੀਰ ਸੀ ਜਿਨ੍ਹਾਂ ਨੂੰ ਬਾਬਾ ਜੀ ਨੇ ਕਿਹਾ ਸੀ ਕਿ ਲਾਹੌਰ ਤੋਂ ਤਬਲਾ ਬਣਾ ਕੇ ਲਿਆਉਣਾ ਹੈ। ਲਾਹੌਰ ਦੇ ਤਬਲੇ ਬਹੁਤ ਮਸ਼ਹੂਰ ਸੀ। ਤੁਸੀਂ ਲਾਹੌਰ ਦੇ ਹੋ, ਰਤਨ ਸਿੰਘ ਤੇ ਦੀਵਾਨ ਚੰਦ। ਜੀ, ਬਾਬਾ ਜੀ। ਬਾਬਾ ਜੀ ਕਹਿਣ ਲੱਗੇ, ਜਦੋਂ ਅਗਲੀ ਵਾਰੀ ਆਏ ਤੇ ਤਬਲੇ ਲੈ ਕੇ ਆਉਣਾ। ਸਤ ਬਚਨ ਕਿਹਾ। ਉਹ ਤਬਲੇ ਲਿਆਏ। ਪੁੜੇ ਵੱਖਰੇ, ਤਬਲੇ ਵੱਖਰੇ। ਜਦੋਂ ਤਬਲੇ ਲਿਆਏ ਤੇ ਬਾਬਾ ਜੀ ਕਹਿੰਦੇ ਕਿ ਕੀ ਲਿਆਏ ਹੋ? ਜੀ, ਬਾਬਾ ਜੀ, ਪੁੜੇ ਵੱਖਰੇ ਤੇ ਤਬਲੇ ਵੱਖਰੇ। ਬਾਬਾ ਜੀ ਕਹਿੰਦੇ, ਇੱਥੇ ਕਿਹੜੀ ਮੇਰੀ ਮਾਂ ਬੈਠੀ ਹੈ, ਇਸ ਸਭ ਕੁਝ ਨੂੰ ਠੀਕ ਕਰਨ ਵਾਸਤੇ? ਤਬਲੇ ਲਿਆਉਣੇ ਹਨ ਤੇ ਤਿਆਰ ਕਰਕੇ ਲਿਆਓ। ਉਹ ਸਾਧ ਸੰਗਤ ਜੀ, ਵਾਪਸ ਗਏ ਲਾਹੌਰ। ਬੜਾ

ਲੰਬਾ ਜ਼ਿਕਰ ਹੈ। ਦੁਬਾਰਾ ਬੜੀ ਰੀਝ ਨਾਲ ਚੱਠੂ ਬਣਵਾਇਆ, ਡੁੱਗੀ ਬਣਵਾਈ ਤੇ ਤਬਲਾ ਤਿਆਰ ਕੀਤਾ। ਜਿਸ ਕੋਲੋਂ ਤਿਆਰ ਕਰਵਾਇਆ, ਉਸਨੂੰ ਕਿਹਾ ਕਿ ਇਹ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵੱਜਣਾ ਹੈ। ਫਿਰ ਬੜੀ ਰੀਝ ਨਾਲ ਲਿਆਏ ਬਾਬਾ ਜੀ ਪਾਸ। ਦਸ ਇੰਚ ਦੀ ਪੀੜ੍ਹੀ ਤੇ ਬੈਠੇ ਸੀ, ਬਾਬਾ ਨੰਦ ਸਿੰਘ ਜੀ। ਇਹ ਗੱਲ ਥੋੜ੍ਹੀ ਦੂਜੇ ਬੰਨੇ ਜਾਂਦੀ ਹੈ, ਫਿਰ ਉੱਥੇ ਹੀ ਆ ਜਾਵੇਗੀ। ਸਿਰ ਤੇ ਮਾਲਸ਼ ਕਰਵਾ ਰਹੇ ਸੀ। ਇਹ ਵੀ ਜ਼ਰੂਰੀ ਹੈ। ਤੁਹਾਡੇ ਵਿੱਚੋਂ ਜਿਹੜਾ ਅਭਿਆਸੀ ਜੀਵ ਹੈ, ਜ਼ਰੂਰ ਸਿਰ ਨੂੰ ਖੁਰਾਕ ਦਿਆ ਕਰੋ। ਇਹ ਲੋੜ ਹੈ। ਇੱਥੇ ਦਸਮ ਦੁਆਰ ਹੈ। ਨਹੀਂ ਤਾਂ ਖੁਸ਼ਕੀ ਹੋ ਜਾਂਦੀ ਹੈ। ਐਵੇਂ ਨਹੀਂ ਬਾਬਾ ਜੀ ਮੱਖਣ ਦੀ ਟਿੱਕੀ ਰੱਖਦੇ ਸੀ। ਅਸੀਂ ਰੀਸ ਨਹੀਂ ਕਰਨੀ ਪਰ ਇਸ ਸਿਰ ਨੂੰ ਮਾਲਸ਼ ਦੀ ਲੋੜ ਹੈ, ਨਾਮ ਜਪਣ ਲਈ, ਬੰਦਗੀ ਲਈ। ਜਦੋਂ ਤੁਸੀਂ ਅਤਿ ਦੇ ਬਿਮਾਰ ਹੋ ਜਾਵੋ ਤੇ ਕਦੀ ਨੋਟ ਕਰੋ, ਤੁਹਾਡਾ ਸਰੀਰ ਨਿਢਾਲ ਹੋ ਜਾਵੇ ਤੇ ਨਾਮ ਵੀ ਨਹੀਂ ਜਪਿਆ ਜਾਂਦਾ। ਇਸ ਲਈ ਸਰੀਰ ਚੰਗਾ ਚਾਹੀਦਾ ਹੈ, ਨਾਮ ਜਪਣ ਲਈ, ਬੰਦਗੀ ਲਈ। ਬਾਬਾ ਜੀ ਮਾਲਸ਼ ਕਰਵਾ ਰਹੇ ਸੀ, ਸਿਰ ਉੱਤੇ ਅਤੇ ਬਾਬਾ ਈਸ਼ਰ ਸਿੰਘ ਜੀ ਸੇਵਾਦਾਰ ਸਨ, ਉਹ ਮਾਲਸ਼ ਕਰ ਰਹੇ ਸਨ। ਉਹ ਜਦੋਂ ਤਬਲਾ ਲੈ ਕੇ ਆਏ, ਰਤਨ ਸਿੰਘ ਤੇ ਦੀਵਾਨ ਚੰਦ ਤੇ ਬਾਬਾ ਜੀ ਨੇ ਇੱਕ ਸੇਵਾਦਾਰ ਨੂੰ ਇਸ਼ਾਰਾ ਕੀਤਾ, ਬਈ ਚੈੱਕ ਕਰੋ। ਤਬਲੇ ਲਿਆਏ ਹਨ। ਸੰਗਤ ਧਿਆਨ ਦੇਣਾ। ਜਦੋਂ ਉਨ੍ਹਾਂ ਨੇ ਤਬਲੇ ਦੀ ਗੰਢ ਖੋਲ੍ਹੀ ਜਿਸ ਨੇ ਚੈੱਕ ਕਰਨਾ ਸੀ ਤੇ ਬਾਬਾ ਜੀ ਨੇ ਆਪਣੇ ਥੱਲਿਓਂ ਪੀੜ੍ਹੀ ਕੱਢ ਦਿੱਤੀ। ਮਾਲਸ਼ ਰੋਕ ਦਿੱਤੀ ਤੇ ਗਲ ਦੇ ਹਜ਼ੂਰੀਏ ਨਾਲ ਸਿਰ ਕੱਜ ਲਿਆ ਤੇ ਸੇਵਾਦਾਰ ਕਹਿਣ ਲੱਗਾ, ਬਾਬਾ ਜੀ ਪੀੜ੍ਹੀ ਕਿਉਂ ਕੱਢ ਦਿੱਤੀ, ਭੁੰਜੇ ਕਿਉਂ ਬੈਠ ਗਏ? ਮਾਲਸ਼ ਕਿਉਂ ਰੋਕ ਦਿੱਤੀ? ਸਿਰ ਕਿਉਂ ਕੱਜ ਲਿਆ? ਕਹਿਣ ਲੱਗੇ ਤਬਲਾ ਚੈੱਕ ਕਰਨ ਲੱਗੇ ਹਾਂ। ਉਹ ਕਹਿਣ ਲੱਗੇ ਕਿ ਤਬਲਾ ਹੀ ਤਾਂ ਹੈ। ਹੁਣ ਦੱਸੋ ਮਹਾਂਪੁਰਸ਼ਾਂ ਨੇ ਗੁਰਬਾਣੀ ਦਾ ਕਿੰਨਾ ਸਤਿਕਾਰ ਕੀਤਾ ਹੈ। ਇੱਕ ਖਾਲੀ ਤਬਲਾ ਚੈੱਕ ਹੋ ਰਿਹਾ ਹੈ ਤੇ ਸਿਰ ਕੱਜ ਲਿਆ। ਬੀਬੀਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਕੇਸਕੀਆਂ ਵਾਲੀਆਂ ਵਿੱਚ ਵੱਧ ਤੋਂ ਵੱਧ ਆ ਜਾਵੋ। ਇਹ ਰਹਿਤਨਾਮੇ ਵਿੱਚ ਬਚਨ ਹਨ :

*ਨੰਗੇਂ ਕੇਸੀਂ ਫਿਰੇ ਰਵਾਲ ਪਾਏ ਸੋ ਤਨਖਾਹੀਆ।*

ਕਈ ਭਾਈ ਵੀ ਨੰਗੇ ਸਿਰ ਸੈਰ ਕਰਦੇ ਹਨ। ਮੈਨੂੰ ਤੁਹਾਡੇ ਨਾਸਿਕ ਦਾ ਤਾਂ ਨਹੀਂ ਪਤਾ, ਅੰਮ੍ਰਿਤਸਰ ਜ਼ਿਆਦਾਤਰ ਕਰਦੇ ਹਨ। ਹੋਣਗੇ ਸਰਦਾਰ ਤੇ ਨੰਗੇ ਸਿਰ ਵਹੁਟੀ ਨਾਲ ਤੁਰੇ ਜਾਣਗੇ। ਸੈਰ ਕਰੋ ਪਰ ਦਾਸ ਨੇ ਕਿਹਾ ਕਿ ਇਨ੍ਹਾਂ ਤੇ ਵਾਹਿਗੁਰੂ ਕਿਰਪਾ ਕਰੇ, ਕਿਤੇ ਇਨ੍ਹਾਂ ਨੂੰ ਰਹਿਤਨਾਮੇ ਦੀਆਂ ਟੇਪਾਂ ਸੁਣਾ ਦੇਵੇ।

*ਨੰਗੇਂ ਕੇਸੀਂ ਮਾਰਗਿ ਟੁਰੇ ਸੋ ਤਨਖਾਹੀਆ।*

*(ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)*

*ਨੰਗੇਂ ਕੇਸੀਂ ਫਿਰੇ ਰਵਾਲ ਪਾਏ ਸੋ ਤਨਖਾਹੀਆ।*

*ਕੇਸਾਂ ਨੂੰ ਮੰਦਾ ਹੱਥ ਲਾਏ ਸੋ ਤਨਖਾਹੀਆ।*

ਬੀਬੀਆਂ ਯਤਨ ਕਰਨ ਕਿ ਇਹ ਜਿਹੜੀਆਂ ਕੇਸਕੀਆਂ ਬਣਾਈਆਂ ਗਈਆਂ ਹਨ, ਰੁਮਾਲ ਵਰਗੀਆਂ, ਇਹ ਆਪ ਜੀ ਧਾਰਨ ਕਰੋ। ਇਸ ਨਾਲ ਕੇਸ ਰੰਗਣ ਦਾ ਵੀ ਕੰਮ ਮੁੱਕ ਜਾਂਦਾ ਹੈ, ਕਾਲੇ ਕਰਨ ਦਾ ਵੀ, ਡਾਈ ਕਰਨ ਦਾ ਵੀ, ਮਹਿੰਦੀ ਲਗਾਉਣ ਦਾ ਵੀ। ਦੂਸਰਾ ਗੁਰਬਾਣੀ ਵਿੱਚੋਂ ਵੀ ਫੁਰਮਾਨ ਹੈ :

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥*

*(ਅੰਗ ੧੩੪)*

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

***

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

## ਕਾਂਡ ਦੂਜਾ

ਪਤੋ ਕੀ ਗਿਆਂ ਬਾਬਾ ਜੀ ਨੂੰ ਕਾਫ਼ੀ ਸਮਾਂ ਹੋ ਚੁੱਕਾ ਸੀ। ਸੰਗਤਾਂ ਦੀ ਬੇਨਤੀ ਅਤੇ ਪ੍ਰੇਮ ਖਿੱਚਾਂ ਸਦਕਾ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਬਾਬਾ ਜੀ ਪਤੋ ਕੀ ਆ ਬਿਰਾਜੇ। ਜਿਨ੍ਹਾਂ ਦੇ ਪੁੰਨਾਂ ਦਾ ਸੂਰਜ ਸਿਖਰ ਤੇ ਆ ਗਿਆ ਸੀ, ਉਹ ਸੰਗਤ ਕਰ ਕੇ ਲਾਹੇ ਪ੍ਰਾਪਤ ਕਰਦੇ ਹਨ। ਕਰਮਾਂ ਤੋਂ ਬਿਨਾਂ ਸਤਿਸੰਗਤ ਨਹੀਂ ਮਿਲਦੀ।

*ਹਰਿ ਕੀਰਤਿ ਸਾਧ ਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥*
*(ਅੰਗ ੬੪੨)*

ਮੂਲਾ ਸਿੰਘ ਵੀ ਲਾਹੌਰ ਤੋਂ ਦਰਸ਼ਨਾਂ ਲਈ ਆਇਆ। ਪ੍ਰਸ਼ਾਦ ਵਜੋਂ ਕੇਲੇ ਲੈ ਲਏ। ਬੱਚੇ ਵੀ ਨਾਲ ਸਨ। ਉਨ੍ਹਾਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਤੁਰ ਪਿਆ।

ਗੁਰੂ ਸਾਹਿਬ ਦੇ ਸਨਮੁਖ ਬਣੇ ਥੜ੍ਹੇ ਤੇ ਪ੍ਰਸ਼ਾਦ ਭੇਟਾ ਕੀਤਾ ਜਾਂਦਾ। ਕੁਝ ਪ੍ਰੇਮੀ ਬਾਬਾ ਜੀ ਪਾਸ ਵੀ ਭੇਟ ਕਰਦੇ। ਇਹ ਭੇਟ ਕਰਨਾ ਉਸ ਤਰ੍ਹਾਂ ਹੁੰਦਾ ਜਿਵੇਂ ਕੋਈ ਬੰਦਾ ਆਪਣੇ ਬਜ਼ੁਰਗ ਜਾਂ ਸਤਿਕਾਰਯੋਗ ਹਸਤੀ ਲਈ ਕੋਈ ਭੇਟ ਲੈ ਕੇ ਜਾਵੇ।

ਮੂਲਾ ਸਿੰਘ ਨੇ ਦੇਖਿਆ ਕਿ ਦੋ ਕੇਲੇ ਭਾਰ ਪੈਣ ਨਾਲ ਕੁਝ ਖਰਾਬ ਹੋ ਗਏ ਸਨ। ਉਨ੍ਹਾਂ ਵਿੱਚੋਂ ਪਾਣੀ ਸਿੰਮਦਾ ਜਾਪਦਾ ਸੀ। ਗਿਲੇ ਜਿਹੇ ਹੋ ਗਏ ਸਨ। ਕੁਝ ਸੋਚ ਕੇ ਉਸਨੇ ਦੋਵੇਂ ਕੇਲੇ ਆਪਣੇ ਬੱਚਿਆਂ ਨੂੰ ਖਾਣ ਲਈ ਦੇ ਦਿੱਤੇ। ਠਾਠ ਵਿੱਚ ਪਹੁੰਚ ਕੇ ਉਸਨੇ ਪ੍ਰਸ਼ਾਦ ਭੁਗਤਾਉਣ ਦਾ ਬੜਾ ਯਤਨ ਕੀਤਾ ਪਰ ਭੁਗਤਿਆ ਨਾ। ਸਾਰਾ ਦਿਨ ਇਸੇ ਤਰ੍ਹਾਂ ਲੰਘ ਗਿਆ। ਅਗਲੇ ਦਿਨ ਫਿਰ ਬੇਨਤੀ ਕੀਤੀ ਤਾਂ ਬਾਹਰ ਹੀ ਵਰਤਾਉਣ ਦਾ ਬਚਨ ਹੋਇਆ।

ਬਾਬਾ ਜੀ ਪ੍ਰਸ਼ਾਦ ਗੁਰੂ ਸਾਹਿਬ ਅੱਗੇ ਭੇਟ ਕਰਦੇ, ਪਰ ਓਹੀ ਜੋ ਧਰਮ ਦੀ ਕਿਰਤ ਵਿੱਚੋਂ ਪ੍ਰੇਮ ਨਾਲ ਤਿਆਰ ਕੀਤਾ (ਜਾਂ ਫਲ ਆਦਿ ਖਰੀਦਿਆ) ਅਤੇ ਸਤਿਕਾਰ ਅਤੇ ਭਾਵਨਾ ਨਾਲ ਲਿਆਂਦਾ ਜਾਵੇ। ਜਿਵੇਂ ਇੱਕ ਵਾਰ ਜੇਠ-ਹਾੜ ਦੇ ਦਿਨਾਂ ਵਿੱਚ, ਨਾਨਕਸਰ ਕਲੇਰੀਂ ਆਪ ਜੀ ਦੁਪਹਿਰ ਵੇਲੇ ਬਾਹਰ ਆਏ ਜਦ ਕਿ ਦੁਪਹਿਰੇ ਬਾਹਰ ਨਹੀਂ ਸਨ ਆਇਆ ਕਰਦੇ। ਉਸ ਵੇਲੇ ਚਰਨ ਸਿੰਘ ਅਤੇ ਉਜਾਗਰ ਸਿੰਘ ਕਲੇਰਾਂ ਤੋਂ ਕੱਪੜੇ ਧੋ ਰਹੇ ਸਨ।

''ਚਰਨ ਸਿੰਘਾ ਹਾੜ (ਮਹੀਨਾ) ਵਿੱਚ ਵੀ ਕਿਤੇ ਮਤੀਰੇ (ਤਰਬੂਜ) ਹੁੰਦੇ ਐ?'' ਆਪ ਜੀ ਨੇ ਪੁੱਛਿਆ।

''ਜੀ ਸਾਡੇ ਦੇਖਣ ਵਿੱਚ ਤਾਂ ਨੇੜੇ-ਤੇੜੇ ਨਹੀਂ, ਅੱਗੋਂ ਬਾਬਾ ਜੀ, ਤੁਸੀਂ ਜਾਣੋ।'' ਚਰਨ ਸਿੰਘ ਦਾ ਉੱਤਰ ਸੀ।

ਉਨ੍ਹਾਂ ਨਾਲ ਕੁਝ ਸਮਾਂ ਬਚਨ ਕਰ ਬਾਬਾ ਜੀ ਅੰਦਰ ਚਲੇ ਗਏ। ਦੋ ਢਾਈ ਘੰਟਿਆਂ ਬਾਅਦ ਝੰਗ ਮਘਿਆਣੇ ਤੋਂ ਕੁਝ ਪ੍ਰੇਮੀ ਦਰਸ਼ਨਾਂ ਲਈ ਆਏ। ਪ੍ਰਸ਼ਾਦੇ ਵਜੋਂ ਉਨ੍ਹਾਂ ਪਾਸ ਮਤੀਰੇ ਸਨ, ਉਹ ਵੀ ਵੱਡੇ-ਵੱਡੇ।

ਉਨ੍ਹਾਂ ਨੂੰ ਬਾਬਾ ਜੀ ਦੁਆਰਾ ਕੀਤੇ ਬਚਨਾਂ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਸੀਸ ਵੀ ਸਤਿਕਾਰ ਨਾਲ ਝੁਕ ਗਿਆ।

ਬਾਬਾ ਜੀ ਬਾਹਰ ਗਏ ਅਤੇ ਝੰਗ ਮਘਿਆਣੇ ਦੇ ਪ੍ਰੇਮੀ ਮਤੀਰੇ ਭੇਟ ਕਰਨ ਲੱਗੇ ਤਾਂ ਆਪ ਜੀ ਨੇ ਉਜਾਗਰ ਸਿੰਘ ਹੋਣਾਂ ਨੂੰ ਬਚਨ ਕੀਤਾ, "ਤੁਸੀਂ ਤਾਂ ਕਹਿੰਦੇ ਸੀ ਇਸ ਰੁੱਤ ਵਿੱਚ ਮਤੀਰੇ ਹੁੰਦੇ ਨਹੀਂ। ਆਹ ਵੇਖੋ ਐਡੇ-ਐਡੇ ਮਤੀਰੇ ਹੁੰਦੇ ਨੇ।"

ਇਸੇ ਤਰ੍ਹਾਂ ਇੱਕ ਵਾਰ ਜਦ ਬਾਬਾ ਜੀ ਬਾਗੇ ਭਿੜਕੀ ਆਏ ਹੋਏ ਸਨ, ਜਲੰਧਰ ਜ਼ਿਲ੍ਹੇ ਦੇ ਪਿੰਡ ਬਾਲੋਕੀ ਦਾ ਭਾਈ ਲਾਲ ਸਿੰਘ ਜੋ ਉਹਨੀਂ ਦਿਨੀਂ ਮਘਿਆਣੇ ਕਿਰਤ ਕਰਦਾ ਸੀ, ਬਦਾਮਾਂ ਦਾ ਪ੍ਰਸ਼ਾਦ ਲੈ ਕੇ ਆਇਆ। ਅੰਦਰੋਂ ਇਹ ਧਾਰ ਕੇ ਕਿ ਬਾਬਾ ਜੀ ਆਪ ਪ੍ਰਸ਼ਾਦ ਲੈਣਗੇ ਤਾਂ ਭੇਟ ਕਰਨਾ ਹੈ, ਸੇਵਾ ਕਰਨ ਲੱਗਾ।

ਬਾਬਾ ਜੀ ਸ਼ਾਮ ਨੂੰ ਰੋਜ਼ ਅਨੁਸਾਰ ਬਾਹਰ ਆਏ। ਆਏ ਪ੍ਰੇਮੀਆਂ ਨਾਲ ਕੁਝ ਬਚਨ ਕਰਨ ਉਪਰੰਤ ਲਾਲ ਸਿੰਘ ਨੂੰ ਬਚਨ ਕੀਤਾ, "ਤੂੰ ਭਾਈ ਸਵੇਰ ਦਾ ਪ੍ਰਸ਼ਾਦ ਛੁਪਾ ਕੇ ਰੱਖਿਆ ਹੋਇਆ ਈ।"

ਜਦ ਭਾਈ ਲਾਲ ਸਿੰਘ ਨੇ ਪ੍ਰਸ਼ਾਦ ਭੇਟ ਕੀਤਾ ਤਾਂ ਬਾਬਾ ਜੀ ਨੇ ਹਜ਼ੂਰੀ ਸੇਵਾਦਾਰ ਨੂੰ ਬਚਨ ਕੀਤਾ, "ਦਸਾਂ ਨਹੁੰਆਂ ਦੀ ਕਮਾਈ ਦਾ ਹੈ। ਆਪ ਵਰਤਾਂਗੇ।"

*—ਚਲਦਾ*

***

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 58/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 237/- ਰੁਪਏ, ਪੰਜ ਸਾਲ ਦਾ ਚੰਦਾ 450/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਦੋ ਸਾਲ | 200+37=237/- |
| ਪੰਜ ਸਾਲ | 400+50=450/- |
| ਲਾਈਫ | 1600+85=1685/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਪਰਖ ਤੇ ਪ੍ਰਪੱਕਤਾ

ਅੰਕ 129 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ।

—*ਸੰਪਾਦਕ*

1. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਦੱਸੋ?
ੳ) ਸ੍ਰੀ ਹਰਿਮੰਦਰ ਸਾਹਿਬ ਅ) ਗੁ: ਰਾਮਸਰ ਸਾਹਿਬ
ੲ) ਚੂਨਾ ਮੰਡੀ, ਲਾਹੌਰ (ਹੁਣ ਪਾਕਿਸਤਾਨ ਵਿੱਚ)
2. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹੜਾ ਨਗਰ ਵਸਾਇਆ?
ੳ) ਸ੍ਰੀ ਅੰਮ੍ਰਿਤਸਰ ਸਾਹਿਬ ਅ) ਤਰਨ ਤਾਰਨ ਸਾਹਿਬ ੲ) ਸ੍ਰੀ ਖਡੂਰ ਸਾਹਿਬ
3. ਸ੍ਰੀ ਅਨੰਦ ਸਾਹਿਬ ਜੀ ਦੀ ਪਾਵਨ ਬਾਣੀ ਕਿਹੜੇ ਸਤਿਗੁਰੂ ਜੀ ਨੇ ਉਚਾਰੀ?
ੳ) ਸ੍ਰੀ ਗੁਰੂ ਅਮਰਦਾਸ ਜੀ ਨੇ ਅ) ਸ੍ਰੀ ਗੁਰੂ ਰਾਮਦਾਸ ਜੀ ਨੇ ੲ) ਸ੍ਰੀ ਗੁਰੂ ਅਰਜਨ ਦੇਵ ਜੀ ਨੇ
4. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ ਦਾ ਨਾਮ ਦੱਸੋ?
ੳ) ਭਾਈ ਗੁਰਦਾਸ ਜੀ ਅ) ਭਾਈ ਕ੍ਰਿਪਾਲ ਚੰਦ ਜੀ
ੲ) ਪ੍ਰਿਥੀ ਚੰਦ ਜੀ
5. ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੀਆਂ ਕੁੱਲ ਕਿਤਨੀਆਂ ਅਸ਼ਟਪਦੀਆਂ ਹਨ?
ੳ) 24 ਅ) 22 ੲ) 20
6. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਕੌਣ ਸਨ?
ੳ) ਭਾਈ ਗੁਰਦਾਸ ਜੀ ਅ) ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ੲ) ਭਾਈ ਮਨੀ ਸਿੰਘ ਜੀ
7. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਂਦੇੜ (ਹਜ਼ੂਰ ਸਾਹਿਬ) ਦੀ ਧਰਤੀ 'ਤੇ ਕਿਹੜੇ ਦੋ ਦੁਸ਼ਟ ਮੁਗਲਾਂ ਨੇ ਪੇਟ ਵਿੱਚ ਖੰਜਰ ਮਾਰ ਕੇ ਗੰਭੀਰ ਜਖਮੀ ਕਰ ਦਿੱਤਾ?
ੳ) ਨਬੀ ਖਾਂ ਅਤੇ ਗਨੀ ਖਾਂ
ਅ) ਗੁਲ ਖਾਂ ਅਤੇ ਅਤਾਉਲਾ ਖਾਂ
ੲ) ਅਬਦੁੱਲਾ ਖਾਂ ਅਤੇ ਅਲੀ ਹਸਨ
8. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੇ ਸਭ ਤੋਂ ਪਹਿਲਾਂ ਦਰਸ਼ਨ ਕਿਸ ਨੇ ਕੀਤੇ?
ੳ) ਦੌਲਤਾਂ ਦਾਈ ਨੇ ਅ) ਮਾਤਾ ਤ੍ਰਿਪਤਾ ਜੀ ਨੇ
ੲ) ਬੇਬੇ ਨਾਨਕੀ ਜੀ ਨੇ
9. ਭਾਈ ਗੁਰਦਾਸ ਜੀ ਦਾ ਸਸਕਾਰ ਕਿਹੜੇ ਸਤਿਗੁਰੂ ਜੀ ਨੇ ਆਪਣੀ ਹੱਥੀਂ ਕੀਤਾ ਅਤੇ ਕਿੱਥੇ ਕੀਤਾ?
ੳ) ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਤਰਨ ਤਾਰਨ ਸਾਹਿਬ
ਅ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ੲ) ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ, ਕੀਰਤਪੁਰ ਸਾਹਿਬ ਵਿਖੇ
10. ਕਿਹੜੇ ਯੋਧੇ ਸਿੱਖ ਦੇ ਕੇਸ ਨਾ ਕਟਾਉਣ ਬਦਲੇ ਮੁਗਲ ਹਕੂਮਤ ਦੇ ਦੁਸ਼ਟ ਜਲਾਦ ਨੇ ਉਨ੍ਹਾਂ ਦੀ ਖੋਪੜੀ ਹੀ ਲਾ ਦਿੱਤੀ?
ੳ) ਭਾਈ ਮਤੀ ਦਾਸ ਜੀ ਅ) ਭਾਈ ਸਤੀ ਦਾਸ ਜੀ
ੲ) ਭਾਈ ਤਾਰੂ ਸਿੰਘ ਜੀ

## ਪਿਛਲੇ ਅੰਕ ਦੇ ਸਹੀ ਜਵਾਬ :-

1. ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ), 2. ਸ੍ਰੀ ਗੋਇੰਦਵਾਲ ਸਾਹਿਬ, 3. ਬੀਬੀ ਵੀਰੋ ਜੀ, 4. ਮਾਤਾ ਸਾਹਿਬ ਕੌਰ ਜੀ, 5. ਤਕਰੀਬਨ 18 ਸਾਲ 4 ਮਹੀਨੇ, 6. ਭਾਈ ਘਨ੍ਹਈਆ ਜੀ ਨੂੰ, 7. ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਰਾਮਸਰ ਸਾਹਿਬ, 8. ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, 9. ਭਾਈ ਗੋਪਾਲਾ ਜੀ ਨੇ, ਸ੍ਰੀ ਹਰਿਗੋਬਿੰਦ ਪੁਰ ਵਿਖੇ, 10. ਤਾਇਆ ਜੀ।

## ਜੇਤੂਆਂ ਦੇ ਨਾਮ :

1. ਕੈਪਟਨ ਭਜਨ ਸਿੰਘ (ਅੰਮ੍ਰਿਤਸਰ), 2. ਸ੍ਰ. ਸਤਨਾਮ ਸਿੰਘ ਸਿੱਧੂ (ਜੰਡਿਆਲਾ ਗੁਰੂ), 3. ਬੀਬੀ ਗੁਲਵਿੰਦਰ ਕੌਰ ਮਨਚੰਦਾ (ਮੰਸੂਰੀ), 4. ਡਾ. ਕ੍ਰਿਪਾਲ ਸਿੰਘ (ਜ਼ਿਲ੍ਹਾ ਲੁਧਿਆਣਾ), 5. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 6. ਸ੍ਰ. ਗੁਰਦੇਵ ਸਿੰਘ ਮਾਨ (ਬਠਿੰਡਾ), 7. ਬੀਬੀ ਕੰਵਲਜੀਤ ਕੌਰ (ਹੁਸ਼ਿਆਰਪੁਰ), 8. ਸ੍ਰ. ਗੁਰਦੇਵ ਸਿੰਘ ਜੱਥੇਦਾਰ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ), 9. ਮਾਸਟਰ ਮਲਕੀਤ ਸਿੰਘ ਸਾਬਕਾ ਸਰਪੰਚ (ਜ਼ਿਲ੍ਹਾ ਲੁਧਿਆਣਾ), 10. ਸ੍ਰ. ਸਲਵਿੰਦਰ ਸਿੰਘ (ਮੋਹਾਲੀ), 11. ਬੀਬੀ ਰਜਿੰਦਰ ਕੌਰ (ਲੁਧਿਆਣਾ), 12. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 13. ਬ੍ਰਹਮ ਕੌਰ ਗਿੱਲ (ਸ੍ਰੀ ਮੁਕਤਸਰ ਸਾਹਿਬ), 14. ਲਵਲੀਨ ਕੌਰ ਚੌਹਾਨ (ਜ਼ਿਲ੍ਹਾ ਜਲੰਧਰ), 15. ਸ੍ਰ. ਅਮਰੀਕ ਸਿੰਘ (ਜ਼ਿਲ੍ਹਾ ਬਰਮੇਰ), 16. ਸ੍ਰ. ਸੁਖਚੈਨ ਸਿੰਘ ਢਿਲੋਂ (ਜ਼ਿਲ੍ਹਾ ਫਾਜਿਲਕਾ), 17. ਸ੍ਰ. ਜਗੀਰ ਸਿੰਘ (ਫਾਜਿਲਕਾ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

256 ਪਿਆਰ ਇੱਕ ਐਸਾ ਹਥਿਆਰ ਹੈ ਜੋ ਨਫਰਤ ਨੂੰ ਜੜ੍ਹੋਂ ਵੱਢ ਦਿੰਦਾ ਹੈ ।

257 ਆਪਣੇ ਅਵਗੁਣ ਦੀ ਪਹਿਚਾਣ ਹੋ ਜਾਣੀ ਗੁਰੂ ਕਿਰਪਾ ਦੀ ਵੱਡੀ ਨਿਸ਼ਾਨੀ ਹੈ ।

*ਸੰਗ੍ਰਹਿ ਕਰਤਾ- ਸੰਪਾਦਕ*

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

94 ਆਪਣੇ ਗੁਰਦੇਵ ਤੋਂ ਉਲਟ ਆਸ਼ੇ ਵਾਲੇ ਕਰਤਬਾਂ ਦਾ ਤਿਆਗ ਕਰੋ ।

95 ਹਰ ਸਮੇਂ ਗੁਰੂ ਸਾਹਿਬ ਅੱਗੇ ਬੇਨਤੀਆਂ ਕਰੀ ਜਾਵੋ ਕਿ ਆਪ ਜੀ ਮੇਰੀ ਰੱਖਿਆ ਕਰੋ ।

*—ਭਾਈ ਅਮਰੀਕ ਸਿੰਘ ਗਨੈਸਕ*

# ज़िंदगी की बारीकियाँ

## प्रश्न उत्तर

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से शृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 466 प्रश्न-उत्तर दिए गए थे। गुरु साहिब जी की कृपा से शृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

-बीबी जतिंदर कौर (ज्योति दारा बहन जी, अमरीका वाले)

*शृंखला जोड़ने के लिए पिछला अंक देखें–*

**467 प्रश्न:** आदरणीय वीर जी, हम स्वयं को सिक्ख कहलाते हैं पर सिक्खी की मुख्य निशानी क्या है? सिक्खी का मूल क्या है?

**उत्तर:** बहुत जरुरी प्रश्न है और इसको समझने की आज के समय में बहुत भारी जरुरत है। बहुत ही सूक्ष्म विषय है क्योंकि आमतौर पर हम बाहरी पोशाक से तो सिक्ख दिखाई देते हैं, कमाई भी करते हैं मगर यदि सिक्खी का मूल पता न हो तो की हुई कमाई बह जाती है, सेवा सफल नहीं होती। इतिहास की तरफ नजर डालें तो इस विषय से संबंधित एक बहुत ही प्रेरनादायक साखी सामने आती है धन्य गुरु हरिगोबिंद साहिब जी महाराज के चरणों में लखनऊ शहर का रहने वाला एक सिक्ख आया था भाई चूहड़। जिसने बड़ा ही कीमती प्रश्न पूछा जिससे हमें भी सूझ मिलती है। धन्य है यह सिक्ख जिसने ऐसा प्रश्न किया, जिससे समूह सिक्ख कौम को सीख मिलती रहेगी। उसने सतिगुरु जी को पूछा था, सतिगुरु जी सिक्खी का मूल क्या है? श्री गुरु हरिगोबिंद साहिब जी ने सिक्खी के मूल की तीन निशानियाँ उस समय सिक्ख की झोली में डालीं।

पहली निशानी बताई थी- मन नम्र रखना तथा किसी की खुशी छीन कर खुशी न लेना। दूसरी निशानी- सत्संगत करनी तथा संगत की प्रसन्नता लेनी। सिक्खी के मूल की तीसरी निशानी गुरु पर पूर्ण श्रद्धा रखनी और गुरु में

से ही परमेश्वर के दर्शन करने।

आज से 35-40 साल पहले दास भी यह समझता था दरबार साहिब जाना तथा मन में होता था धन्य गुरु रामदास जी के दर पर नमस्कार कर रहे हैं, पर परमेश्वर अभी कोई और है यदि कोई इस अवस्था तथा इस स्टेज पर है तथा समझ लेना अभी श्रद्धा की नींव भी नहीं रखी गई। नींव क्या है? अपने गुरु में से परमेश्वर को देखना। हमें गर्व है कि श्री गुरु ग्रंथ साहिब जी में जो कुछ लिखा है वह बिलकुल सत्य है। उसको कोई गलत नहीं कह सकता। धन्य श्री गुरु ग्रंथ साहिब जी से पूछ लो कि परमेश्वर कैसा होता है। धन्य श्री गुरु ग्रंथ साहिब जी में से आवाज़ आएगी :

*भैरउ महला ५ ॥*
*सतिगुरु मेरा बेमुहताजु ॥*
*सतिगुर मेरे सचा साजु ॥*

इस शब्द की अंतिम पंक्तियाँ है:

*नानक सोधे सिंम्रिति बेद ॥*
*पारब्रहम गुर नाही भेद ॥*

(अंग ११४२)

भाव की गुरु और परमेश्वर में कोई अंतर नहीं। हमारी गुरु व परमेश्वर जैसी भावना हो। घर में कोई कील लगाना हो किसी जगह पर हथौड़ी से जब एक चोट मारोगे तो वह थोड़ा-सा लगता है और तुरंत ही निकल जाता है। फिर आप एक और चोट लगाते हो कि थोड़ा-सा पक्का हो जाए निकले न। कुछ पंक्तियाँ दास और बोलने लगा है कि आज चोटें और लग जाएं आज पक्का हो जाए, परमेश्वर कौन है?

*समुंदु विरोलि सरीरु हम देखिआ*
*इक वसतु अनूप दिखाई ॥*
*गुर गोविंदु गुोविंदु गुरू है*
*नानक भेद ना भाई ॥*

(अंग ४४२)

*गुरु परमेसरु एको जाणु ॥*
*जो तिसु भावै सो परवाणु ॥*

(अंग ८६४)

सिक्खी के मूल की तीसरी निशानी गुरु पर पूर्ण श्रद्धा रखनी। यदि सिक्ख की गुरु पर पूर्ण श्रद्धा नहीं बनी सबसे बड़ा कंगाल है। बाबा नंद सिंघ जी का वचन है, माया गई कुछ खास नहीं गया, सेहत गई कुछ-कुछ गया, गुरु से श्रद्धा गई तो सब कुछ गया। जब तक श्रद्धा कायम है समझ लो सब कुछ कायम है।

भाई सोमा शाह जी को धन्य गुरु रामदास जी के चरणों पर श्रद्धा के सदका कुलों तक बख्शिशें मिल गईं। 14 साल की उम्र भाई सोमे की, पिता का साया सिर से उठ गया, माँ ने स्कूल से हटा लिया कि घर की रोटी कैसे चले, कोई काम कर। कहने लगा, क्या काम करूं? माँ कहती, मैं घुंगनियां बना दिया करुंगी, तू बेच आया कर। पहले दिन माँ ने घुंगनियां बनाईं। छाबा तैयार किया। भाई सोमा माँ को पूछता है, कहाँ बैठकर बेचूं? माँ कहती, धन्य गुरु रामदास जी ताल (सरोवर) की खुदवाई करवा रहे हैं, वहाँ संगतें बहुत आती हैं, बहुत समूह होता है। वहाँ तेरी छाबड़ी जल्दी बिक जाएगी। रोज छाबड़ी लगानी तथा

बेचनी। एक भाग्यशाली दिन आ गया, खुशकिस्मत दिन आ गया। गुरबाणी में भी इशारा है। असल भाग्य कब हैं?

*भागु होआ गुरि संतु मिलाइआ ॥*

(अंग ९७)

कोई गुरु मिल जाए, बख्शा मिल जाए, संगत मिल जाए:

*वडभागी हरि संगति पावहि ॥*

(अंग ९५)

सतिगुरु जी ने इसको भाग्य कहा है। आप में से कोई 7 बजे, 6 बजे उठता है, बिध ऐसी बन जाती है। 3-4 बजे का अमृत वेला बन जाता है। वह दिन भाग्यशाली दिन गिनना, जिस दिन ऐसी तबदीली आ गई।

भाई सोमा रोज घुंगनियां बेचता है, आज भाग्यशाली दिन आ गया। भाग्यशाली दिन यह नहीं कि वटक ज्यादा हो गई, जल्दी काम खत्म हो गया। यह सब सामान्य बातें हैं। ज्यादा बोझ न डाला करो। उसके रंग में रहो, यह दुनियावी काम अपने आप चलते जाएंगे। अपना बोरी-बिस्तरा हर समय तैयार रखा करो। कईयों को महसूस होगा लेकिन जिस दिन आँख खुल गई, बड़ा आनंद है इसमें। महापुरुष वचन करते थे, अपना बोरी-बिस्तर हर समय तैयार रखा करो, पता नहीं कब संदेश आ जाए। फिर सब सामान्य बातें लगेंगी सब कुछ यहाँ ही रह जाना है। फिर ज्यादा मोह नहीं जागते। न ही ईर्ष्या पैदा होती है। बहुत कुछ कंट्रोल में हो जाता है। आज धन्य गुरु रामदास जी इधर से गुजरे जहाँ भाई सोमे ने छाबा लगाया था। दूसरी खुशकिस्मत बात मेरे धन्य गुरु रामदास पातशाह जी की नज़र भाई सोमा जी पर पड़ गई। तीसरी, महाराज जी को छाबे की ओर देख कर अपना समय याद आ गया। मैं भी घुंगनियां बेचता था। इसमें से गुण लेना। धन्य गुरु रामदास जी पहले घुंगनियां बेचते थे और जब धन्य गुरु अमरदास जी ने तख्त पर बिठा दिया, चंदोवे लग गए। संगतें नमस्कार करती हैं पर क्या शब्द उच्चारण किया :

*हम रुलते फिरते कोई बात न पूछता ॥*
*गुर सतिगुर संगि कीरे हम थापे ॥*

(अंग १६७)

मैं भी घुंगनियां बेचने वाला था, मुझे कहाँ बिठा दिया गुरु साहिब ने? तख्त पर बैठ गए पर अपना पहला समय नहीं भूले। यह भी एक गुण है।

दास का एक मित्र है, संगी भी है। बीबी कौलां सभा का सदस्य भी है। शास्त्री मार्किट में इसकी दुकान है। एक दिन दास उसकी दुकान पर गया। शास्त्री मार्किट में कई बार ग्राहक आता है और लिखा देता है कि 10 थान या 4 थान उस दुकान पर भेज दो तथा यह लो पैसे। इसी तरह ग्राहक ने पैसे दिए तथा कहा, इतने थान उस दुकान पर भेज दो। उसने अपने कंधे पर उठाए तथा थान छोड़ने चला गया, जहाँ ग्राहक ने कहा था। जब वापिस आया तो दास ने कहा, तेरे पास नौकर-चाकर हैं, करोड़पति हो। आप क्यों छोड़कर आया है? वह कहता रोज़ नहीं जाता आप छोड़ने, महीने में एकाध बार आप छोड़ने जाता हूँ तांकि अपना पहला समय मुझे याद

रहे। दास को कहने लगा, मैंने बड़ी गरीबी देखी है। आप माल ढोता रहा हूँ। इसलिए मैं एकाध बार महीने में गाहक का सामान स्वयं छोड़कर आता हूँ कि मुझे अपना पहला समय भूल न जाए। यह गुरमुखों की निशानी है। वह अपना पहला समय किसी न किसी ढंग से याद रखते हैं। गुस्सा मत करना।  किसी के पास माया आ जाए। गुरमति का न पता हो, पूछो ही कुछ न। बहुत जरुरी है। पहला समय न भूलो।

धन्य गुरु रामदास जी को अपना बचपन याद आ गया कि मैं भी घुंगनियां बेचता था। चौथी भाग्य की बात, भाई सोमे के छाबे के पास चले गए। पांचवीं पूछ लिया, तेरा क्या नाम है? क्या करते हो? भाई सोमा जी कहते, सतिगुरु जी घर में कोई कमाने वाला नहीं है इसलिए घुंगनियां बेचता हूँ। छठी बख्शिश, सतिगुरु जी तली उठा कर आगे करते हैं और कहते हैं, यदि आज की वटक हमें दे दो। गुरु पर श्रद्धा- आज जो टोपिक चल रहा है। बड़ा कठिन है, वटक देनी। गुरु साहिब ने कहीं चैक करना चाहा, अवस्था देखनी थी। श्रद्धा देखनी थी। इस बच्चे ने सारी वटक सतिगुरु जी की तली पर रख दी। जब घर गया, माँ कहती वटक कहाँ? बड़ी गरीबी थी। इस में से आगे के लिए सौदा लाते थे। भाई सोमा जी कहने लगे, माँ आज मेरे छाबे के आगे से धन्य गुरु रामदास जी निकले तथा मेरे पास आ कर मुझे कहते, सोमया आज की सारी वटक हमें दे दे, मैंने दे दी। अब सोचने वाली बात है, अगर कोई ऐसी माँ होती जिसके अंदर श्रद्धा का किनका न होता। उसने थप्पड़ मारना था। पर धन्य भाई सोमे की माँ, गले लगाकर और बैटरी चार्ज कर दी। कहती, शुक्र है। हमारी गुरु घर में सांझ पड़ गई है। भाई सोमे की माता कहने लगी, सोमे यदि कल भी गुरु साहिब तेरे छाबे के आगे से निकले तो कल की वटक भी गुरु साहिब जी को दे देना। यदि न निकले तो गुरु दरबार स्वयं चले जाना। ऐसे बच्चे भाग्यशाली, जिनको ऐसी माता मिली, जो उनकी श्रद्धा में और वृद्धि करें। बच्चे छुट्टी वाले दिन सोए रहते हैं फिर भी उठा कर नित्तनेम करवाएं। वे माताएं धन्य हैं जो बच्चों को इधर लगाएं। अपना यत्न करते जाओ।

अगले दिन भी गुरु साहिब निकले। पूछा, पुत्र वटक? वटक दे दी। घर गया। माँ ने पूछा, आज क्या हुआ? बताया, माँ आज भी सतिगुरु जी आए थे, गुरु साहिब आज भी कहने लगे सोमे लाओ आज की वटक हम को दे दे, माँ मैंने सारी वटक गुरु साहिब को दे दी। माँ कहती, अच्छा कल भी आए तो फिर दे देना, न आए तो खुद देने चले जाना। तीसरे दिन गुरु साहिब नहीं आए। यह शाम को अंदर चला गया। सतिगुरु जी तख्त पर बैठ जाते थे। दो लाइनें लगती थीं। एक दिहाड़ी लेने वालों की और एक निष्काम सेवा करने वालों की। निष्काम सेवा करने वालों को प्रसाद मिलता था। बहुत संगत होती थी। यह भी संगत की भीड़ से गुजरता हुआ पास आ गया। आकर बड़े ही भोलेपन से सतिगुरु जी से कहता, पातशाह जी! आज आप मेरे पास वटक लेने नहीं आए। मेरी माता ने कहा था, यदि सतिगुरु

*-शेष पन्ना 48 पर*

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# धन्य धन्य श्री गुरु अमरदास जी

–जसविन्द्र सिंघ (पटियाला)

*श्रृंखला जोड़ने के लिए पिछला अंक देखें–*

ऐसी स्टेजें भी देखी हैं जहाँ कहते हैं कि एक शब्द और तो आगे से संकेत कर देते हैं, "एक और।" प्रबंधक बेचारे समझते नहीं। कहते कि 'शब्द' कहा है। संगत प्यार समझती है। जब समाप्ति होती है, फिर आगोश में लेकर एक ओर ले जाता है मध्य स्थान वाला कीर्तनिया। कहता है कि भाई! ग्यारह हजार ही रखा है। प्रबंधक कहते हैं कि ग्यारह हजार ही कहा था। कीर्तनिया कहता है, नहीं जब आपने कहा था कि एक शब्द और तो मैंने आपको संकेत किया था, एक और। अब यहाँ क्या कहोगे कि क्या यह श्रद्धा है? श्रद्धा वाला इससे ऊपर उठ जाता है और दास दावे के साथ कहता है कि दीवारें कूद कर पदार्थ गिरते हैं, संभाले नहीं जाते। कोई थोड़ा-सा मैदान में तो आये! उन पर से बलिहारे जाएं जिन्होंने इस चीज़ को व्यवसाय तक रखा है परंतु लोभ नहीं आने दिया। कीर्तन करके भेटा लेनी गुनाह नहीं परंतु भीतर लोभ न आये! यह बुरा है। संगत कहे, एक शब्द और तो बंदा कहे कि दो और लगाने को तैयार हूँ परंतु यदि वह कहे कि और सेवा (सेवा फल) दो तो यह नहीं। उससे फिर तू पीछे रह जाएगा! जहाँ श्रद्धा आ जाए, वह माया के प्रभाव से ऊपर उठ जाता है। गुरु प्रियजनों! माया पैसे को न समझना। माया के कई रूप हैं। जहाँ श्रद्धा आ जाए वहाँ कई बार बड़ी से बड़ी अमीरी भी मिली होती है परंतु संगत में बैठ कर जोड़े साफ कर रहा होता है। अपनी अमीरी से ऊपर उठ गया। भूख लगती है। यह प्रथम निशानी है।

धन्य श्री गुरु अमरदास जी ने सबसे बड़ी दात (ऊँची वस्तु) हमें दी है: श्रद्धा की दात। गुरु पर इतनी श्रद्धा। उल्टे पांव जाना कि कहीं गुरु की तरफ मेरी पीठ न हो जाए। सेवा स्वयं ढूँढी ताकि स्वामी के दर पर कोई हाजरी (पावन उपस्थिति) लग जाए। समधी (दुनियावी रिश्ते-नातों में एक अत्यंत नाजुक रिश्ता) नहीं समझा। साध संगत जी! जिसको श्रद्धा आ जाए, उसकी प्रथम निशानी सभी चैक कर लेना कि माया के प्रभाव से ऊपर उठ जाएगा। दूसरी निशानी है, जिसको श्रद्धा का कण मिल जाए, वह कभी भी कहीं भी

अकेला नहीं जाता, गुरु को साथ लेकर जाता है। जो आप में से श्रद्धा वाली गुरमुख रूहें बैठी हैं, इसके पश्चात जब भोग पड़ जाएगा, लंगर छकते भी अंदर शब्द चल रहा होगा। घर को जाते भी शब्द चल रहा होगा। जुदाई ही नहीं:

*सो सतिगुरु पिआरा मेरै नालि है...॥*
(अंग ५८८)

वह और आँख से देखते हैं। श्री गुरु ग्रंथ साहिब जी की हजूरी में बैठ जाना तथा भावना बनाते हैं कि तू साथ बैठा है। जब स्कूटर रिक्शा या कार पर घर जा रहे हैं तो हृदय के आसन पर बिठा लेते हैं कि तू मेरे साथ है। है तो सच्चाई! यदि साथ है तभी तो लिखा है:

*गुरु मेरै संगि सदा है नाले ॥*
(अंग ३९४)

डालो दृष्टि। यह मनोस्थिति बनी है या नहीं? एक बात बहुत भीगी हुई है। न जाने किसी को हज़म हो या नहीं! परंतु चलो आपके चरणों में रख ही देते हैं!

अब से चार-पांच मास पूर्व बहुत शीत थी। एक गुरसिक्ख मित्र को हम मिलने गए। हम चार शरीर थे। उसकी घरवाली कहती है कि छत पर धूप सेंक रहे हैं। ऊपर चले जाओ। धूप सेंक रहे हैं। हम छत पर गए तथा कुर्सी पर बैठे। वे धूप सेंक रहे थे। दो कुर्सियां खाली पड़ी थीं। यह बात प्यार वाली है कुछ समझ पड़े तो रख लेना! दो कुर्सियां खाली पड़ी थीं तथा एक अन्य पड़ी थी। उस पर चादर चार तयों में जोड़ कर बिछाई थी। एक पास बैंच था। दास कुर्सी पर बैठ गया। अभी जगह थी बैंच पर बैठने के लिए तथा चौथा शरीर, वह जो कुर्सी पर चादर चार तयों में जोड़ कर बिछाई हुई थी, वह चादर उठाने लगा। जब चादर उठाकर मैं बैठूं तथा बड़ी मस्ती में, बहुत वैराग्य में जो गुरमुख रूह धूप सेंक रही थी, बहुत प्यार से कहने लगे, बेटा! इधर बैठ जाओ। बैंच की तरफ संकेत करके कहने लगे कि आप जी इधर बैठ जाइए। चौथा शरीर चादर का कोना पकड़ा तथा उठाने लगा था और वह कहने लगा कि यह खाली है तथा बहुत प्यार में वे कहते कि तेरे लिए वह खाली पड़ी है परंतु मैं अकेला धूप नहीं सेंक रहा, सुरति से किसी को बिठाया हुआ है। यह प्यार की बात है। बहुत ऊँची मनोस्थिति है। अकेले नहीं रहोगे :

*सो सतिगुरु पिआरा मेरै नालि है...॥*
(अंग ५८८)

एक गुरमुख रूह के दास को दर्शन हुए। वे जब कार में बैठते थे, महापुरुष थे तथा ड्राईवर को गेयर नहीं डालने देते थे। हाथ के ऊपर ੧ੴ लिखना और कहना, अब गेयर डाल। मैंने उसको साथ ले लिया है। अकेला नहीं। यह श्रद्धा की बात है।

प्रथम निशानी- श्रद्धा वाला माया के प्रभाव से ऊपर उठ जाएगा जहाँ निशानी श्रद्धा की, वह अकेला नहीं रहता। हर समय उसके साथ है। प्रयत्न करो चलने का।

गुस्सा न करना। एक आम (रिवायत) रीति है। जब रागी सिंघ बोलते हैं, रामकली

मः ३, तब ही लगभग 70% हिलजुल प्रारंभ हो जाएगी भोग पड़ गया, काम समाप्त हो गया। गुरु का काम समाप्त हो गया। जब कहीं कहते हैं, तुम ठाकुर तथा तब 70-80% काम हो जाता है, बस अब समाप्ति है। जब हुक्मनामा हो जाता है तथा प्रशाद वितरित होने लगा है, लंगर की तरफ फिर कहते कि काम समाप्त। गुरु गया अपने घर। गुरु-प्यारो! ऐसे दीवान अनेकों बरेली में लगेंगे, अनेकों के भोग पड़ेंगे। यदि गुरु से श्रद्धा का कण ले आओ तथा हमारे अंदर कभी सुमिरन का भोग नहीं पड़ेगा। श्री अनंद साहिब लगा है परंतु अंदर शब्द का निवास चल रहा है। अब कथा सभी सुन रहे हो, सभी चैक करो कि अंदर शब्द चल रहा है या नहीं। चलना चाहिए :

*अंतरि गुरु आराधणा जिहवा जपि गुर नाउ ॥*
*नेत्री सतिगुरु पेखणा स्रवणी सुनणा गुर नाउ ॥*

(अंग ५१७)

चलना चाहिए। श्री अनंद साहिब लगा है परंतु अंदर भोग न पड़े। अरदास हो रही है परंतु अंदर भोग न पड़े। लंगर छक रहे हो परंतु अंदर भोग न पड़े। अब आराम करने की भी युक्ति सुन लेना! यह बात भी श्रद्धा की है। जिसको अच्छी न लगे, वह यहाँ ही छोड़ दे। जिसको अच्छी लगे वह हजम कर ले। दास को कुछ मिला।

बाबा नंद सिंघ जी, यह वाहिगुरु जाने परंतु जिस मनोस्थिति में पहुँच गए थे, सोते नहीं थे। शेष दुनियावी क्रिया के लिए दो के लगभग घण्टे सोना। दास हैरान हो गया सुनकर कि बाबा नंद सिंघ जी जब विश्राम करते थे तथा सिर वाली ओर गुरु नानक महाराज जी की तस्वीर लगा लेना तथा भावना बनानी कि मेरा सिर तेरी गोदी में है। यह फार्मूला मेरे बड़ा काम आया। आप भी ट्राई करना। जब आप सोने के लिए लेटते हो तो पांच-सात मिनट आँख नहीं लगती। कइयों की दो मिनट नहीं लगती। कइयों की पंद्रह मिनट नहीं लगती क्योंकि ये सैलज़ होते हैं तथा धीरे-धीरे आफ होते हैं। यह मनोस्थिति हैः

*...सोए हरि आराधे ॥*

(अंग ११८५)

